# ECHO OF HIS CALL

## ਬੁਲਾਵੇ ਦੀ ਗੂੰਜ

PUNJABI

₹ 10/-

India's National Spiritual Newspaper

REACHING NATIONS

Published monthly in ENGLISH, TAMIL, MALAYALAM, TELUGU, HINDI, KANNADA, MARATHI, BENGALI, GUJARATI, ODIYA, ASSAMESE, PUNJABI, NEPALI, URDU, SINHALA & AFRIKAN

Editor : S. SAM SELVA RAJ | 16 Languages | Associate Editor : Bro. ASHISH RAMESH BALDHARI

VOL. XXIV | SEPTEMBER 2023 | No. 04


ਪਵਿੱਤਰ ਬਾਈਬਲ

ਕਿਰਪਾ ਕਰਕੇ ਇਸ ਹਿੱਸੇ ਨੂੰ ਯਾਦ ਕਰੋ

**PRAISE THE LORD**

ਜ਼ਬੂਰ 101:1-8

1 ਮੈਂ ਦਯਾ ਅਤੇ ਨਿਆਉਂ ਗਾਵਾਂਗਾ, ਹੇ ਯਹੋਵਾਹ, ਮੈਂ ਤੇਰੇ ਲਈ ਭਜਨ ਗਾਵਾਂਗਾ।

2 ਮੈਂ ਪੂਰੇ ਰਾਹ ਵਿੱਚ ਸਿਆਣਾ ਬਣ ਕੇ ਚੱਲਾਂਗਾ, ਤੂੰ ਮੇਰੇ ਕੋਲ ਕਦੋਂ ਆਵੇਂਗਾ? ਮੈਂ ਆਪਣੇ ਘਰ ਵਿੱਚ ਪੂਰੇ ਮਨ ਨਾਲ ਫਿਰਾਂਗਾ।

3 ਮੈਂ ਵਿਰਥੀ ਗੱਲ ਨੂੰ ਆਪਣੀਆਂ ਅੱਖਾਂ ਦੇ ਸਾਹਮਣੇ ਨਾ ਰੱਖਾਂਗਾ, ਫਿਰਤੂਆਂ ਦੀ ਕਰਤੂਤ ਤੋਂ ਮੈਨੂੰ ਘਿਣ ਹੈ, ਉਹ ਮੈਨੂੰ ਨਾ ਚੰਬੜੇਗੀ।

4 ਮਨ ਦਾ ਕੱਬਪੁਣਾ ਮੈਥੋਂ ਦੂਰ ਰਹੇਗਾ, ਮੈਂ ਬੁਰਿਆਈ ਨੂੰ ਨਾ ਜਾਣਾਂਗਾ।

5 ਜਿਹੜਾ ਓਹਲੇ ਵਿੱਚ ਆਪਣੇ ਗੁਆਂਢੀ ਦੀ ਚੁਗਲੀ ਕਰਦਾ ਹੈ, ਮੈਂ ਉਹ ਨੂੰ ਮਿਟਾ ਦਿਆਂਗਾ, ਉੱਚੀ ਅੱਖ ਤੇ ਮਨ ਦੀ ਆਕੜ ਨੂੰ ਮੈਂ ਨਹੀਂ ਝੱਲਾਂਗਾ।

6 ਮੇਰੀ ਨਿਗਾਹ ਦੇਸ ਦੇ ਸਚਿਆਰਾਂ ਉੱਤੇ ਰਹੇਗੀ ਭਈ ਓਹ ਮੇਰੇ ਨਾਲ ਵੱਸਣ, ਜਿਹੜਾ ਪੂਰੇ ਰਾਹ ਵਿੱਚ ਚੱਲਦਾ ਹੈ ਉਹ ਮੇਰੀ ਸੇਵਾ ਕਰੇਗਾ।

7 ਛਲੀਆ ਮੇਰੇ ਘਰ ਵਿੱਚ ਨਾ ਵੱਸੇਗਾ, ਝੂਠਾ ਮੇਰੀਆਂ ਅੱਖਾਂ ਦੇ ਅੱਗੇ ਕਾਇਮ ਨਾ ਰਹੇਗਾ।

8 ਹਰ ਸਵੇਰ ਨੂੰ ਮੈਂ ਦੇਸ ਦਿਆਂ ਸਾਰਿਆਂ ਦੁਸ਼ਟਾਂ ਨੂੰ ਮਿਟਾਇਆ ਕਰਾਂਗਾ, ਤਾਂ ਜੋ ਯਹੋਵਾਹ ਦੇ ਸ਼ਹਿਰ ਵਿੱਚੋਂ ਸਾਰੇ ਕੁਕਰਮੀਆਂ ਦਾ ਨਾਸ ਕਰ ਦੇਵਾਂ।



## ਨਾ ਡਰੋ! ਯਸਾਯਾਹ 41:10

**FEAR NOT! - Isaiah 41:10**

## ਅਜਿਹਾ ਸੰਦੇਸ਼ ਜੋ ਤੁਹਾਡੇ ਵਿਸ਼ਵਾਸ ਨੂੰ ਆਜ਼ਾਦ ਕਰ ਦੇਵੇਗਾ! ਧਿਆਨ ਨਾਲ ਪੜ੍ਹੋ

### ਪਾ: ਐੱਸ ਸੈਮ ਸੇਲਵਾ ਰਾਜ

ਖੁੱਝ ਲੋਕ ਅਕਸਰ ਅਜਿਹਾ ਆਖਦੇ ਹਨ, "ਮੈਂ ਤਾਂ ਹਰ ਸਵੇਰ ਅਜਿਹੀਆਂ ਸਮੱਸਿਆਵਾਂ ਦਾ ਸਾਹਮਣਾ ਕਰਨ ਲਈ ਉੱਠਦਾ ਹਾਂ ਜਿਨ੍ਹਾਂ ਨੂੰ ਬਿਆਨ ਵੀ ਨਹੀਂ ਕੀਤਾ ਜਾ ਸਕਦਾ"। ਸਰੀਰਕ ਅਤੇ ਭਾਵਨਾਤਮਕ ਸਮੱਸਿਆਵਾਂ। ਕਈ ਲੋਕ ਤਾਂ ਪਰੇਸ਼ਾਨੀ ਉੱਤੇ ਪਰੇਸ਼ਾਨੀ ਦਾ ਸਾਹਮਣਾ ਕਰ ਕਰ ਕੇ ਚਿੰਤਤ ਰਹਿੰਦੇ ਹਨ ਅਰ ਅਕਸਰ ਅਜਿਹਾ ਆਖਦੇ ਹਨ, "ਇਹ ਮੇਰੇ ਸਹਿਣ ਤੋਂ ਬਾਹਰ ਹੈ। ਮੇਰੀਆਂ ਸਮੱਸਿਆਵਾਂ ਮੈਨੂੰ ਹਰਾ ਦੇਣਗੀਆਂ, ਮੇਰੇ ਕੋਲ ਇਹਨਾਂ ਦਾ ਸਾਹਮਣਾ ਕਰਨ ਦੀ ਤਾਕਤ ਨਹੀਂ। ਮੈਂ ਕਿਵੇਂ ਪਾਰ ਪਾ ਸਕਾਂਗਾ?"

ਸਾਡੀ ਸੇਵਕਾਈ ਨੂੰ ਬਹੁਤ ਸਾਰੇ ਸੰਤਾਂ ਦੀਆਂ ਚਿੱਠੀਆਂ ਪ੍ਰਾਪਤ ਹੁੰਦੀਆਂ ਹਨ ਜਿਹੜੇ ਹਰ ਦਿਨ ਅੱਤ ਮੁਸ਼ਕਿਲ ਹਲਾਤਾਂ ਵਿੱਚੋਂ ਲੰਘਦੇ ਹਨ। ਕੁੱਝ ਦਿਨ ਪਹਿਲੇ ਮੈਂ ਅਤੇ ਮੇਰੀ ਪਤਨੀ ਨੇ ਲਗਭਗ ਅੱਧਾ ਦਿਨ ਅਜਿਹੀਆਂ ਕੁੱਝ ਚਿੱਠੀਆਂ ਨੂੰ ਪੜ੍ਹਨ ਵਿੱਚ ਬਿਤਾਇਆ।

ਪ੍ਰਭੂ ਦੀ ਇੱਕ ਬੇਟੀ ਨੇ ਲਿਖਿਆ: "ਪੈਂਤੀ ਸਾਲ ਤੋਂ ਵੱਧ ਸਮੇਂ ਤੋਂ ਮੈਂ ਵਿਆਹੁਤਾ ਹਾਂ ਅਰ ਹੁਣ ਮੈਂ ਇੱਕ ਦਾਦੀ ਹਾਂ। ਪਰੰਤੂ ਹੁਣ ਮੇਰਾ ਪਤੀ ਮੇਰੇ ਪਰਿਵਾਰ ਨੂੰ ਬਰਬਾਦ ਕਰ ਰਿਹਾ ਹੈ। ਉਹ ਪ੍ਰਭੂ ਦਾ ਇੱਕ ਅਭਿਸ਼ਿਕਤ ਦਾਸ ਸੀ ਅਰ ਪ੍ਰਭੂ ਨੇ ਉਸਨੂੰ ਬਹੁਤ ਵਾਰ ਇਸਤੇਮਾਲ ਵੀ ਕੀਤਾ। ਪਰੰਤੂ ਹੁਣ ਆਪਣੀ ਪਿਛਲੀ ਉਮਰ ਵਿੱਚ ਉਹ ਵਾਸਨਾ ਨਾਲ ਭਰਿਆ ਹੋਇਆ ਇੱਕ ਵਿਭਚਾਰੀ ਬਣ ਚੁੱਕਿਆ ਹੈ। ਪ੍ਰਭੂ ਦੀ ਅੱਗ ਉਸ ਅੰਦਰ ਬੁਝ ਚੁੱਕੀ ਹੈ। ਕਿਰਪਾ ਕਰਕੇ ਉਸ ਲਈ ਅਰ ਮੇਰੇ ਪਰਿਵਾਰ ਲਈ ਪ੍ਰਾਰਥਨਾ ਕਰੋ। ਮੇਰੇ ਲਈ ਉਸ ਅੰਦਰ ਕੋਈ ਪਿਆਰ ਨਹੀਂ, ਮੈਂ ਬਹੁਤ ਦੁਖੀ ਹਾਂ"।

ਇਸ ਇਸਤਰੀ ਦੇ ਜੀਵਨ ਨੂੰ ਅੰਧਕਾਰ ਨੇ ਘੇਰ ਲਿਆ ਹੈ। ਫਿਰ ਵੀ ਇਹ ਪਤੀ ਨੂੰ

(ਚਲਦਾ ਸਫਾ 3-)


ਬੁਲਾਵ ਦੀ ਗੂੰਜ



## ਮਸੀਹੀ ਯੂ-ਟਯੂਬ ਚੈਨਲ

ਪਾ. ਸੈਮ ਸੇਲਵਾ ਰਾਜ ਨਾਲ ਨਿੱਜੀ ਤੌਰ 'ਤੇ ਪ੍ਰਾਰਥਨਾ ਕਰ ਸਕਦੇ ਹੋ।


5 ਮਿੰਟ ਦੇ ਸੰਦੇਸ਼!!

ਅੰਗ੍ਰੇਜ਼ੀ ਅਤੇ ਹਿੰਦੀ ਤਮਿਲ ਅਤੇ ਤੇਲਗੂ

ਰੋਜਾਨਾ ਸਵੇਰੇ 5 ਵਜੇ

ਐਤਵਾਰ ਦੀ ਤਮਿਲ ਸਭਾ ਸਵੇਰੇ 8:30 ਵਜੇ

ECHO OF HIS CALL - (1969-2019 GOLDEN JUBILEE YEAR)



## from your dearly beloved brother...



**ਸਾਡੀ ਮਿਸ਼ਨ ਨੀਤੀ**

ਸਾਨੂੰ ਵਰਤਮਾਨ ਨੌਜਵਾਨ ਪੀੜ੍ਹੀ ਨੂੰਮਿਲਾਵਟ ਰਹਿਤ ਬਾਈਬਲ ਦੀਆਂਸਿੱਖਿਆਵਾਂ ਅਤੇ ਅਰੰਭਕ ਰਸੂਲਾਂ ਦੀਆਂ ਸਿੱਖਿਆਵਾਂ ਸਿਖਾਉਣ ਦੀ ਲੋੜ ਹੈ। ਇਹੀ ਇਸ ਸਮੇਂ ਦੀ ਮੰਗ ਹੈ


**CHIEF EDITOR**

Pastor Alex Samson Sam, B.Th., M.Div.

**ADMINISTRATION**

Bro. N. Prakasam, M.A., General Manager
Dr. Rabinder Boaz, M.S.
Bro. K. Puratchivendan

**EDITORIAL BOARD**

Sis. Jesy Veena Sam
Sis. Serena Bevin, M.A., M.Phil., B.Ed.
Dr. A. Richard Samuel, M.A., Ph.D.
Sis. Sajini Cherian
Rev. Dr. K.R. Rajasekaran



**EDITOR, PUBLISHER & PRINTER**

Pastor S. SAM SELVA RAJ
Echo of His Call Printers
10, Mohammed Abdullah 2nd Street,
Chepauk, Chennai- 600 005, India.
Phone : (+ 91- 44) 2852 8282, 2852 9293, 2854 7766
Cell : (+91) 98410 71852, 95661 31858

**E.mail ID**

sam@echoofhiscall.org
biblecor@yahoo.co.in

**WEBSITES**

www.echoofhiscall.org
www.stpaulsmatriculation.com

**YOUTUBE CHANNEL**

Echo of His Call


"ਨਿੱਕਾ ਜਿਹਾ ਹਜ਼ਾਰ ਹੋ ਜਾਵੇਗਾ ਅਤੇ ਛੋਟਾ ਇੱਕ ਬਲਵੰਤ ਕੌਮ, ਮੈਂ ਯਹੋਵਾਹ ਵੇਲੇ ਸਿਰ ਏਹ ਨੂੰ ਛੇਤੀ ਕਰਾਂਗਾ"

ਯਸਾਯਾਹ 60:22

ਪ੍ਰਭੂ ਵਿਚ ਪਿਆਰਿਓ!

ਅਸੀਂ ਤੁਹਾਨੂੰ ਸਾਡੇ ਪ੍ਰਭੂ ਅਤੇ ਮੁਕਤੀਦਾਤਾ ਯਿਸੂ ਮਸੀਹ ਦੇ ਨਾਮ ਵਿੱਚ ਸ਼ੁਭਕਾਮਨਾਵਾਂ ਦਿੰਦੇ ਹਾਂ! ਸਾਨੂੰ ਵਿਸ਼ਵਾਸ ਹੈ ਕਿ ਤੁਸੀਂ ਸਾਰੇ ਠੀਕ ਠਾਕ ਆਪਣੇ ਕੰਮ ਕਰ ਰਹੇ ਹੋ। ਅਸੀਂ ਹਰ ਰੋਜ਼ ਤੁਹਾਡੇ ਲਈ ਪ੍ਰਾਰਥਨਾ ਕਰਦੇ ਹਾਂ। ਪ੍ਰਮੇਸ਼ਵਰ ਤੁਹਾਡੇ ਨਾਲ ਹੈ, ਹੌਂਸਲਾ ਰੱਖੋ।

ਪ੍ਰਭੂ ਦਾ ਸ਼ਕਤੀਸ਼ਾਲੀ ਹੱਥ ਸਾਡੀ ਸੇਵਕਾਈ ਵਿੱਚ ਸਾਡੀਆਂ ਸਾਰੀਆਂ ਹਾਲੀਆ ਯਾਤਰਾਵਾਂ ਅਤੇ ਸਾਡੇ ਸਾਰੇ ਯਤਨਾਂ ਅਤੇ ਗਤੀਵਿਧੀਆਂ ਵਿੱਚ ਸਾਡੀ ਅਗਵਾਈ ਕਰ ਰਿਹਾ ਹੈ। ਪ੍ਰਭੂ ਯਿਸੂ ਮਸੀਹ ਰਾਤ-ਦਿਨ ਬਿਨਾਂ ਸੁੱਤੇ ਸਾਡੇ ਨਾਲ ਰਹਿੰਦਾ ਹੈ। ਸਵਰਗੀ ਪਿਤਾ ਤੁਹਾਨੂੰ ਵੀ ਭਰਪੂਰੀ ਨਾਲ ਅਸੀਸ ਦੇਵੇ।

ਸਾਡੇ ਨਾਲ ਸੇਵਕਾਈ ਵਿਚ ਪ੍ਰਮੇਸ਼ਵਰ ਦੇ ਬਹੁਤ ਸਾਰੇ ਸੇਵਕ ਹਨ ਜਿਨ੍ਹਾਂ ਦੇ ਬਹੁਤ ਸਾਰੇ ਪਰਿਵਾਰਕ ਮੈਂਬਰ ਬੀਮਾਰ ਹਨ। ਇਸ ਕਰਕੇ ਉਹ ਸੇਵਕਾਈ ਵਿੱਚ ਆਪਣੀਆਂ ਜ਼ਿੰਮੇਵਾਰੀਆਂ ਨੂੰ ਪੂਰੀ ਤਰਾਂ ਨਿਭਾ ਨਹੀਂ ਪਾ ਰਹੇ। ਇਸ ਵਿਸ਼ੇ ਲਈ ਅਸੀਂ ਤੁਹਾਡੀਆਂ ਦਿਲੋਂ ਪ੍ਰਾਰਥਨਾਵਾਂ ਦੀ ਮੰਗ ਕਰਦੇ ਹਾਂ। ਇਹ ਵਿਸ਼ਾ ਬਹੁਤ ਜ਼ਰੂਰੀ ਅਰ ਗੰਭੀਰ ਹੈ।

ਇਹ ਬੜੇ ਦੁੱਖ ਨਾਲ ਸਾਡੇ ਧਿਆਨ ਵਿੱਚ ਆਇਆ ਹੈ ਕਿ ਤੁਹਾਡੇ ਵਿੱਚੋਂ ਬਹੁਤਿਆਂ ਨੂੰ ਸਾਡਾ ਮਹੀਨੇਵਾਰ ਮੈਗਜ਼ੀਨ ਬੁਲਾਵੇ ਦੀ ਗੂੰਜ ਨਹੀਂ ਮਿਲ ਰਿਹਾ ਹੈ, ਜੋ ਅਸੀਂ ਹਰ ਮਹੀਨੇ ਤੁਹਾਨੂੰ ਬਹੁਤ ਮਿਹਨਤ ਨਾਲ ਭੇਜਦੇ ਹਾਂ।

ਅਸੀਂ ਇਹ ਜਾਣਨ ਦੀ ਪੂਰੀ ਕੋਸ਼ਿਸ਼ ਕਰ ਰਹੇ ਹਾਂ ਕਿ ਕੀ ਹੋ ਰਿਹਾ ਹੈ, ਕਿਉਂਕਿ ਸਾਡੇ ਮੈਗਜ਼ੀਨ ਦੀਆਂ ਬਹੁਤ ਸਾਰੀਆਂ ਕਾਪੀਆਂ ਸਾਨੂੰ ਵੱਖ-ਵੱਖ ਕਾਰਨਾਂ ਜਿਵੇਂ ਕਿ ਦਰਵਾਜ਼ਾ ਬੰਦ, ਪਤਾ ਬਦਲ ਗਿਆ, ਮਿਆਦ ਪੁੱਗ ਚੁੱਕੀਆਂ ਅਤੇ ਅਸਵੀਕਾਰ ਕੀਤਾ ਆਦਿ, ਕਰਕੇ ਵਾਪਸ ਆ ਰਹੀਆਂ ਹਨ। ਬਾਅਦ ਵਿੱਚ ਸਾਨੂੰ ਪਤਾ ਲੱਗਦਾ ਹੈ ਕਿ ਇਹਨਾਂ ਵਿੱਚੋਂ ਕੁਝ ਕਾਰਨ ਗਲਤ ਸਨ। ਪਿਆਰੇ ਪਾਠਕੋ, ਅਸੀਂ ਤੁਹਾਡੀ ਸੰਗਤੀ ਨੂੰ ਕਿਸੇ ਵੀ ਤਰ੍ਹਾਂ ਗੁਆਉਣਾ ਨਹੀਂ ਚਾਹੁੰਦੇ, ਕਿਉਂਕਿ ਤੁਸੀਂ ਸਾਡੇ ਲਈ ਬਹੁਤ ਖਾਸ ਹੋ! ਇਸ ਲਈ ਜੇਕਰ ਤੁਸੀਂ ਜਾਂ ਤੁਹਾਡੇ ਦੋਸਤਾਂ ਨੂੰ ਸਾਡਾ ਮੈਗਜ਼ੀਨ ਬੁਲਾਵੇ ਦੀ ਗੂੰਜ ਸਹੀ ਸਮੇਂ 'ਤੇ ਪ੍ਰਾਪਤ ਨਹੀਂ ਹੁੰਦਾ ਹੈ, ਤਾਂ ਕਿਰਪਾ ਕਰਕੇ ਸਾਨੂੰ ਚਿੱਠੀ, ਈ-ਮੇਲ, ਵੱਟਸਐਪ, ਮੈਸੇਜ ਜਾਂ ਟੈਲੀਫੋਨ ਕਾਲ ਰਾਹੀਂ ਦੱਸੋ। ਜੇਕਰ ਤੁਹਾਡਾ ਪਤਾ ਬਦਲ ਗਿਆ ਹੈ, ਤਾਂ ਕਿਰਪਾ ਕਰਕੇ ਸਾਨੂੰ ਆਪਣੇ ਪੁਰਾਣੇ ਅਤੇ ਨਵੇਂ ਪਤਿਆਂ ਬਾਰੇ ਸੂਚਿਤ ਕਰੋ, ਤਾਂ ਜੋ ਅਸੀਂ ਤੁਹਾਨੂੰ ਦੁਬਾਰਾ ਬੁਲਾਵੇ ਦੀ ਗੂੰਜ ਮੈਗਜ਼ੀਨ ਭੇਜ ਸਕੀਏ। ਕਿਰਪਾ ਕਰਕੇ ਸਾਨੂੰ ਆਪਣੇ ਈ.ਮੇਲ ਪਤੇ ਵੀ ਭੇਜੋ। ਪ੍ਰਮੇਸ਼ਵਰ ਤੁਹਾਡਾ ਭਲਾ ਕਰੇ!

ਅਸੀਂ ਆਪਣੇ ਮਾਸਿਕ ਮੈਗਜ਼ੀਨ, ਬੁਲਾਵੇ ਦੀ ਗੂੰਜ ਨੂੰ ਨਿਯਮਿਤ ਤੌਰ 'ਤੇ ਆਪਣੇ ਸਹਿ-ਕਰਮਚਾਰੀਆਂ ਦੀ ਸਖ਼ਤ ਮਿਹਨਤ ਦੇ ਜ਼ਰੀਏ 16 ਭਾਸ਼ਾਵਾਂ ਵਿੱਚ ਡਾਕ ਅਤੇ ਈ-ਮੇਲ ਰਾਹੀਂ ਭੇਜਦੇ ਹਾਂ:

| | | |
|---|---|---|
| 1. ਤਾਮਿਲ | - | ਪਿਛਲੇ ਮਹੀਨੇ ਦੀ 28 ਤਾਰੀਖ਼ |
| 2. ਅੰਗਰੇਜ਼ੀ | - | ਹਰ ਮਹੀਨੇ ਦੀ 2 ਤਾਰੀਖ਼ |
| 3. ਸਿੰਹਲਾ | - | ਹਰ ਮਹੀਨੇ ਦੀ 2 ਤਾਰੀਖ਼ |
| 4. ਅਫਰੀਕੀ | - | ਹਰ ਮਹੀਨੇ ਦੀ 4 ਤਾਰੀਖ਼ |
| 5. ਮਲਿਆਲਮ | - | ਹਰ ਮਹੀਨੇ ਦੀ 4 ਤਾਰੀਖ਼ |
| 6. ਤੇਲਗੂ | - | ਹਰ ਮਹੀਨੇ ਦੀ 6 ਤਾਰੀਖ਼ |
| 7. ਹਿੰਦੀ | - | ਹਰ ਮਹੀਨੇ ਦੀ 9 ਤਾਰੀਖ਼ |
| 8. ਕੰਨੜ | - | ਹਰ ਮਹੀਨੇ ਦੀ 10 ਤਾਰੀਖ਼ |
| 9. ਮਰਾਠੀ | - | ਹਰ ਮਹੀਨੇ ਦੀ 12 ਤਾਰੀਖ਼ |
| 10. ਅਸਾਮੀ | - | ਹਰ ਮਹੀਨੇ ਦੀ 12 ਤਾਰੀਖ਼ |
| 11. ਬੰਗਾਲੀ | - | ਹਰ ਮਹੀਨੇ ਦੀ 14 ਤਾਰੀਖ਼ |

Our Ministries: ECHO OF HIS CALL Monthly Magazines (16 languages) BIBLECOR - Postal Courses (3 languages) Media Ministry Online Courses Theological Correspondence Courses (2 languages) Church Planting Nehemiah Bible Colleges Gospel Printing Press Great Commission Partners St. Paul's Matriculation School Crusades Community Development

12. ਉਰਦੂ – ਹਰ ਮਹੀਨੇ ਦੀ 14 ਤਾਰੀਖ਼
13. ਨੇਪਾਲੀ – ਹਰ ਮਹੀਨੇ ਦੀ 16 ਤਾਰੀਖ਼
14. ਗੁਜਰਾਤੀ – ਹਰ ਮਹੀਨੇ ਦੀ 16 ਤਾਰੀਖ਼
15. ਉੜੀਆ – ਹਰ ਮਹੀਨੇ ਦੀ 18 ਤਾਰੀਖ਼
16. ਪੰਜਾਬੀ – ਹਰ ਮਹੀਨੇ ਦੀ 20 ਤਾਰੀਖ਼

ਅਸੀਂ ਇਹਨਾਂ ਖਾਸ ਮਿਤੀਆਂ 'ਤੇ ਸਾਡੀ ਵੈੱਬਸਾਈਟ *www.echoofhiscall.org* 'ਤੇ ਇਹ ਮੈਗਜ਼ੀਨ ਅਪਲੋਡ ਵੀ ਕਰਦੇ ਹਾਂ। ਇਸ ਲਈ ਕਿਰਪਾ ਕਰਕੇ ਇਸ ਵਿਕਲਪ ਦੀ ਵੀ ਵਰਤੋਂ ਕਰੋ। 75 ਕਰਮਚਾਰੀ ਹਨ ਜੋ ਇਸ ਮੈਗਜ਼ੀਨ ਨੂੰ ਤੁਹਾਡੇ ਤੀਕ ਪੁਚਾਉਣ ਲਈ ਸਖ਼ਤ ਮਿਹਨਤ ਕਰਦੇ ਹਨ। ਬੁਲਾਵੇ ਦੀ ਗੂੰਜ ਮੈਗਜ਼ੀਨ ਸਭ ਤੋਂ ਪਹਿਲਾਂ ਅੰਗਰੇਜ਼ੀ ਵਿੱਚ ਲਿਖਿਆ ਜਾਂਦਾ ਹੈ ਅਤੇ ਫਿਰ ਸੰਬੰਧਤ ਐਸੋਸੀਏਟ ਐਡੀਟਰਾਂ ਦੁਆਰਾ ਹੋਰ 15 ਭਾਸ਼ਾਵਾਂ ਵਿੱਚ ਅਨੁਵਾਦ ਕੀਤਾ ਜਾਂਦਾ ਹੈ ਅਤੇ ਫਿਰ ਬੁਲਾਵੇ ਦੀ ਗੂੰਜ ਦੇ ਪੈਟਰਨ ਦੇ ਅਨੁਸਾਰ ਪੰਨੇਬੱਧ ਕੀਤਾ ਜਾਂਦਾ ਹੈ।

ਪੰਨੇ ਵਾਲੇ ਮੈਗਜ਼ੀਨਾਂ ਨੂੰ ਸਾਡੀ ਪ੍ਰਿੰਟਿੰਗ ਮਸ਼ੀਨ ਦੀ ਮਦਦ ਨਾਲ ਛਾਪਿਆ ਜਾਂਦਾ ਹੈ, ਫਿਰ ਹੱਥਾਂ ਨਾਲ ਜੋੜ ਕੇ, ਖੇਤਰ-ਵਾਰ ਅਤੇ ਰਾਜ-ਵਾਰ, ਬੰਡਲਾਂ ਵਿੱਚ, ਵਾਹਨਾਂ ਵਿੱਚ ਲੋਡ ਕਰਕੇ ਅਤੇ ਸਹੀ ਨਿਰਧਾਰਤ ਮਿਤੀਆਂ 'ਤੇ ਡਾਕ ਨਿਯਮਾਂ ਅਨੁਸਾਰ ਡਾਕ ਕਰਮਚਾਰੀਆਂ ਨੂੰ ਸੌਂਪਿਆ ਜਾਂਦਾ ਹੈ। ਕਿਰਪਾ ਕਰਕੇ ਇਸ ਸੇਵਕਾਈ ਵਿੱਚ ਸ਼ਾਮਲ ਇਨ੍ਹਾਂ 75 ਵਰਕਰਾਂ ਬਾਰੇ ਸੋਚੋ! ਕਿਉਂਕਿ ਇਹ ਮੈਗਜ਼ੀਨ ਭਾਸ਼ਾ, ਸੱਭਿਆਚਾਰ ਅਤੇ ਦੇਸ਼ਾਂ ਦੀ ਪਰਵਾਹ ਕੀਤੇ ਬਿਨਾਂ ਦੁਨੀਆ ਭਰ ਦੇ ਬਹੁਤ ਸਾਰੇ ਲੋਕਾਂ ਦੇ ਜੀਵਨਾਂ ਨੂੰ ਛੂਹ ਰਿਹਾ ਹੈ ਇਸ ਕਰਕੇ ਸ਼ੈਤਾਨ ਸਾਡੇ ਕਰਮਚਾਰੀਆਂ 'ਤੇ ਧਿਆਨ ਕੇਂਦਰਤ ਕਰ ਰਿਹਾ ਹੈ ਅਤੇ ਉਨ੍ਹਾਂ ਨੂੰ ਅਧਿਆਤਮਿਕ ਯੁੱਧ ਦਾ ਸਾਹਮਣਾ ਕਰਨਾ ਪੈ ਰਿਹਾ ਹੈ। ਕੀ ਤੁਸੀਂ ਉਨ੍ਹਾਂ ਲਈ ਪ੍ਰਾਰਥਨਾ ਕਰੋਗੇ?



ਇਸ ਸੇਵਕਾਈ ਦਾ ਹਿੱਸਾ ਬਣਨ ਦਾ ਕੋਈ ਤਰੀਕਾ ਲੱਭਣ ਲਈ ਕਿਰਪਾ ਕਰਕੇ ਆਪਣੇ ਮਨ ਵਿੱਚ ਸੋਚੋ। ਸਾਨੂੰ ਉਨ੍ਹਾਂ ਪ੍ਰਾਰਥਨਾ ਸਹਿਭਾਗੀਆਂ ਦੀ ਲੋੜ ਹੈ ਜੋ ਸਾਡੇ ਅਤੇ ਆਨਰੇਰੀ ਕੋਆਰਡੀਨੇਟਰਾਂ ਲਈ ਪ੍ਰਾਰਥਨਾ ਕਰਨ, ਇਸ ਮੈਗਜ਼ੀਨ ਨੂੰ ਆਪਣੀਆਂ ਭਾਸ਼ਾਵਾਂ ਵਿੱਚ ਪੜ੍ਹਨ ਅਤੇ ਹਰ ਮਹੀਨੇ ਇਹਨਾਂ ਮੈਗਜ਼ੀਨਾਂ ਨੂੰ ਬਿਹਤਰ ਬਣਾਉਣ ਲਈ ਸਾਨੂੰ ਆਪਣੇ ਸੁਝਾਅ ਅਤੇ ਵਿਚਾਰ ਭੇਜਣ। ਅਸੀਂ ਇਸ ਪ੍ਰਕਾਸ਼ਨ ਦੀ ਸੇਵਕਾਈ ਨੂੰ ਹੋਰ ਵੀ ਪ੍ਰਭਾਵਸ਼ਾਲੀ ਢੰਗ ਨਾਲ ਕਰਨਾ ਚਾਹੁੰਦੇ ਹਾਂ।

ਅਸੀਂ ਤੁਹਾਡੇ ਜਵਾਬ ਦੀ ਬੇਸਬਰੀ ਨਾਲ ਉਡੀਕ ਕਰਦੇ ਹਾਂ ਅਤੇ ਸਾਡੇ ਸੰਪਾਦਕੀ ਕਾਲਮ ਨੂੰ ਇੰਨੇ ਧੀਰਜ ਨਾਲ ਪੜ੍ਹਨ ਲਈ ਦੁਬਾਰਾ ਤੁਹਾਡਾ ਧੰਨਵਾਦ ਕਰਦੇ ਹਾਂ।

ਪ੍ਰਮੇਸ਼ਵਰ ਦੀ ਸ਼ਾਂਤੀ ਤੁਹਾਡੇ ਨਾਲ ਹੋਵੇ! ਆਮੀਨ।

ਪ੍ਰਭੂ ਯਿਸੂ ਵਿੱਚ ਤੁਹਾਡੇ ਭਰਾ ਅਰ ਸੇਵਕ,

ਪਾ: ਐੱਸ. ਸੈਮ ਸੇਲਵਾ ਰਾਜ
ਅਲੈਕਸ ਸੈਮਸਨ ਸੈਮ।
(+91) 98412 71858 / 98410 71858,
E.mail : samselvaraj333@gmail.com

(ਚਲਦਾ ਸਫਾ 1 ਤੋਂ)

ਪਿਆਰ ਕਰਦੀ ਹੈ ਅਰ ਚਾਹੁੰਦੀ ਹੈ ਕਿ ਉਹ ਆਪਣੇ ਬੁਰੇ ਰਾਹਾਂ ਤੋਂ ਮੁੜੇ ਅਰ ਪ੍ਰਮੇਸ਼ਵਰ ਨੂੰ ਭਾਉਂਦਾ ਜੀਵਨ ਜੀਣ ਲੱਗੇ। ਪਰੰਤੂ ਉਸਦੀਆਂ ਭਾਵਨਾਵਾਂ ਵਹਿ ਗਈਆਂ ਹਨ ਅਰ ਉਹ ਇੱਕ ਰੋਗਣ ਔਰਤ ਬਣ ਚੁੱਕੀ ਹੈ। ਉਹ ਅਕਸਰ ਸੋਚਦੀ ਹੈ, “ਪ੍ਰਭੂ ਮੈਂ ਇਸ ਪੀੜ ਨਾਲ ਨਾਸ਼ ਹੋ ਜਾਵਾਂਗੀ, ਮੈਂ ਇਸਨੂੰ ਹੋਰ ਨਹੀਂ ਸਹਿ ਸਕਦੀ। ਮੈਂ ਕਿਵੇਂ ਅੱਗੇ ਵਧਾਂ?”

ਇੱਕ ਹੋਰ ਇਸਤਰੀ ਨੇ ਲਿਖਿਆ, “ਸੱਤ ਸਾਲ ਤੋਂ ਮੈਂ ਅੰਤੜੀਆਂ ਦੇ ਭਿਆਨਕ ਰੋਗ ਤੋਂ ਗ੍ਰਸਤ ਹਾਂ। ਮੇਰੇ ਪਤੀ ਦੀ ਸੇਹਤ ਵੀ ਖਰਾਬ ਹੈ। ਸਾਡੀ ਮਾਲੀ ਹਾਲਤ ਬਹੁਤ ਖਰਾਬ ਹੈ, ਭਾਵੇਂ ਅਸੀਂ ਕਦੇ ਵੀ ਐਸ਼-ਇਸ਼ਰਤ ਵਿੱਚ ਪੈਸਾ ਖਰਚ ਨਹੀਂ ਕੀਤਾ। ਮੇਰਾ 89 ਸਾਲ ਦਾ ਪਿਤਾ ਕੈਂਸਰ ਨਾਲ ਮਰ ਰਿਹਾ ਹੈ। ਸਾਡੇ ਲਈ ਪ੍ਰਾਰਥਨਾ ਕਰੋ”।

ਹਰ ਦਿਨ ਇਹ ਇਸਤਰੀ ਆਪਣੇ ਮਰ ਰਹੇ ਪਿਤਾ, ਬਿਮਾਰ ਪਤੀ, ਆਪਣੀ ਸਰੀਰਕ ਤਕਲੀਫ਼ ਅਰ ਆਰਥਿਕ ਭੈਅ ਦਾ ਸਾਹਮਣਾ ਕਰਦੀ ਹੈ। ਮੈਂ ਸੋਚਦਾ ਹਾਂ ਕਿ ਕਿੰਨੀ ਵਾਰ ਉਹ ਪੁਕਾਰਦੀ ਹੋਵੇਗੀ, “ਪ੍ਰਭੂ ਇਹ ਤਕਲੀਫ਼ਾਂ ਮੇਰੇ ਲਈ ਅਸਹਿ ਹਨ, ਮੇਰੇ ਵਰਗਾ ਕਮਜ਼ੋਰ ਅਤੇ ਬੇਸਹਾਰਾ ਇਨਸਾਨ ਕਿਵੇਂ ਇਹਨਾਂ ਦਾ ਸਾਹਮਣਾ ਕਰ ਸਕਦਾ ਹੈ? ਅਸੀਂ ਕਿਵੇਂ ਇਹਨਾਂ ਵਿੱਚੋਂ ਨਿਕਲਾਂਗੇ?”

ਇੱਕ ਪਾਸਟਰ ਨੇ ਲਿਖਿਆ, “ਪਿਛਲੀ ਜੁਲਾਈ ਵਿੱਚ ਮੇਰਾ ਗਦੂਦ ਦੇ ਕੈਂਸਰ ਦਾ ਆਪ੍ਰੇਸ਼ਨ ਹੋਇਆ। ਡਾਕਟਰਾਂ ਨੇਂ ਆਸ ਪਾਸ ਦੇ ਟਿਸ਼ੂ ਵੀ ਕੱਢ ਦਿੱਤੇ ਅਰ ਮੇਰਾ ਜੀਵਨ ਮੁਸ਼ਕਲ ਬਣਾ ਦਿੱਤਾ। ਹੁਣ ਮੈਨੂੰ ਸ਼ੂਗਰ ਅਤੇ ਪੇਟ ਵਿੱਚ ਅਲਸਰ ਵੀ ਹੋ ਗਏ ਹਨ। ਕੀ ਤੁਸੀਂ ਕਿਰਪਾ ਕਰਕੇ ਮੇਰੇ ਲਈ ਪ੍ਰਾਰਥਨਾ ਕਰ ਸਕਦੇ ਹੋ?”

ਹਰ ਦਿਨ ਇਹ ਵਿਅਕਤੀ ਕਿੰਨੇ ਵਿਸ਼ਾਲ ਦੁਸ਼ਮਣਾਂ ਦਾ ਸਾਹਮਣਾ ਕਰਦਾ ਹੈ। ਉਹ ਇਸ ਡਰ ਵਿੱਚ ਜੀਅ ਰਿਹਾ ਹੈ ਕਿ ਸ਼ਾਇਦ ਉਸਦੇ ਸਰੀਰ ਵਿੱਚ ਹਾਲੇ ਕੈਂਸਰ ਹੈ। ਅਤੇ ਉਸਨੂੰ ਸ਼ੂਗਰ ਅਤੇ ਪੇਟ ਦੇ ਅਲਸਰ ਨਾਲ ਵੀ ਲੜਨਾ ਪੈ ਰਿਹਾ ਹੈ। ਮੈਂ ਸੋਚਦਾ ਹਾਂ ਕਿੰਨੀ ਵਾਰ ਉਹ ਆਖਦਾ ਹੋਵੇਗਾ, “ਮੈਂ ਕਿਵੇਂ ਇਸਦਾ ਹੋਰ ਸਾਹਮਣਾ ਕਰਾਂ? ਕੀ ਮੈਂ ਕਦੇ ਚੰਗਾ ਵੀ ਹੋਵਾਂਗਾ?”

ਪ੍ਰਭੂ ਵਿੱਚ ਇੱਕ ਬਜ਼ੁਰਗ ਭੈਣ ਨੇ ਲਿਖਿਆ, “ਮਾਰਚ ਵਿੱਚ ਮੈਂ 81 ਸਾਲ ਦੀ ਹੋ ਜਾਵਾਂਗੀ, ਅਤੇ ਮੈਨੂੰ ਗਠੀਆ ਅਰ ਸ਼ੂਗਰ ਹੈ। ਮੇਰੀ ਪਿੱਠ ਅਤੇ ਲੱਤਾਂ ਬਹੁਤ ਕਮਜ਼ੋਰ ਹਨ ਅਤੇ ਮੈਂ ਬਹੁਤ ਮੁਸ਼ਕਲ ਨਾਲ ਤੁਰਦੀ ਹਾਂ। ਕਿਉਂਕਿ ਮੈਂ ਇਕੱਲੀ ਰਹਿੰਦੀ ਹਾਂ ਮੈਨੂੰ ਖੁਦ ਹੀ ਘਰ ਦਾ ਸਾਰਾ ਕੰਮ ਕਰਨਾ ਪੈਂਦਾ ਹੈ। ਮੇਰੇ ਕੋਲ ਨਾ ਹੀ ਪੈਸਾ ਹੈ ਅਤੇ ਨਾ ਕੋਈ ਅਜ਼ੀਜ਼ ਰਿਸ਼ਤੇਦਾਰ। ਕਿਰਪਾ ਕਰਕੇ ਮੇਰੇ ਲਈ ਪ੍ਰਾਰਥਨਾ ਕਰੋ”।

ਮੈਂ ਵੇਖਦਾ ਹਾਂ ਕਿ ਕਿਵੇਂ ਇਹ ਦਰਦ ਦੀ ਮਾਰੀ ਔਰਤ ਸਵੇਰੇ ਉੱਠਣ ਲਈ, ਆਪਣਾ ਭੋਜਨ ਬਣਾਉਣ ਲਈ ਅਰ ਆਪਣਾ ਘਰ ਸਾਫ਼ ਕਰਨ ਲਈ ਸੰਘਰਸ਼ ਕਰਦੀ ਹੋਵੇਗੀ- ਅਰ ਉਸ ਕੋਲ ਮਦਦ ਕਰਨ ਵਾਲਾ ਵੀ ਕੋਈ ਨਹੀਂ।ਉਹ ਜ਼ਰੂਰ ਆਖਦੀ ਹੋਵੇਗੀ, “ਮੈਂ ਅਗਲੇ ਦਿਨ ਵਿੱਚ ਕਿਵੇਂ ਪਹੁੰਚਾਂਗੀ? ਉਸ ਦਿਨ ਮੇਰਾ ਕੀ ਹੋਵੇਗਾ ਜਿਸ ਦਿਨ ਮੈਂ ਬਿਸਤਰ ਤੋਂ ਉੱਠ ਹੀ ਨਾ ਸਕੀ?”

ਇੱਕ ਹੋਰ ਪਿਆਰੀ ਭੈਣ ਨੇ ਲਿਖਿਆ, “ਮੈਨੂੰ ਹੁਣੇ ਹੀ ਆਪਣੇ ਪਤੀ ਤੋਂ ਪਤਾ ਲੱਗਾ ਹੈ ਕਿ ਉਸਦੇ ਗਲੇ ਵਿੱਚ ਜਾਨ ਲੇਵਾ ਕੈਂਸਰ ਹੈ। ਉਹ ਪ੍ਰਭੂ ਦਾ ਭੈਅ ਮੰਨਣ ਵਾਲਾ ਪਤੀ ਅਤੇ ਮੇਰੇ 14 ਸਾਲਾ ਬੇਟੇ ਦਾ ਅਦਭੁੱਤ ਪਿਤਾ ਹੈ।ਪ੍ਰਾਰਥਨਾ ਕਰੋ ਕਿ ਮੈਂ ਮਜਬੂਤ ਰਹਾਂ ਅਤੇ ਇਸ ਸਥਿਤੀ ਦੁਆਰਾ ਮੇਰਾ ਵਿਸ਼ਵਾਸ ਹੋਰ ਵਧੇ।”

ਹੋਰ ਬਹੁਤ ਸਾਰੇ ਲੋਕਾਂ ਵਾਂਗ ਇਹ ਭੈਣ

ਵੀ ਇਸ ਦਾਨਵ ਜਿਹੀ ਮੁਸ਼ਕਲ ਦਾ ਸਾਹਮਣਾ ਕਰਨ ਲਈ ਤਾਕਤ ਮਿਲਣ ਲਈ ਕੁਰਲਾ ਰਹੀ ਹੈ।

ਮੈਂ ਆਪਣੇ ਜੀਵਨ ਭਰ ਮਸੀਹੀਆਂ ਵਿੱਚ ਅਜਿਹੀਆਂ ਤਕਲੀਫ਼ਾਂ, ਪਰੇਸ਼ਾਨੀਆਂ ਅਤੇ ਦਰਦਾਂ ਬਾਰੇ ਨਹੀਂ ਸੁਣਿਆਂ ਸੀ- ਵਿਵਾਹਿਕ ਉਲਝਣਾਂ, ਆਰਥਿਕ ਪਰੇਸ਼ਾਨੀਆਂ, ਸਰੀਰਕ ਤਕਲੀਫ਼ਾਂ ਅਤੇ ਨਾ ਮੁੱਕਣ ਵਾਲਾ ਦੁੱਖ। ਲੋਕ ਪੁੱਛਦੇ ਹਨ, "ਮੈਂ ਇਸ ਵਿੱਚੋਂ ਕਿਵੇਂ ਨਿਕਲਾਂਗਾ? ਇਹ ਸਭ ਦੁਸ਼ਮਣ ਬਹੁਤ ਤਾਕਤਵਰ ਹਨ। ਮੈਂ ਕਮਜ਼ੋਰ ਅਰ ਅਸਹਾਏ ਹਾਂ ਅਰ ਕੁੱਝ ਨਹੀਂ ਕਰ ਸਕਦਾ। ਪ੍ਰਭੂ ਕੀ ਮੈਂ ਕਦੇ ਇਸ ਵਿੱਚੋਂ ਨਿਕਲ ਵੀ ਸਕਾਂਗਾ?"

ਸੱਚਾਈ ਇਹ ਹੈ ਕਿ ਇਹਨਾਂ ਵਿੱਚੋਂ ਕੋਈ ਵੀ ਭਿਆਨਕ ਵਸਤੂ ਪ੍ਰਮੇਸ਼ਵਰ ਨੂੰ ਹੈਰਾਨ ਨਹੀਂ ਕਰਦੀ।ਉਸਨੇ ਇਹ ਸਭ ਬੁਰੀਆਂ ਗੱਲਾਂ ਜਿਹੜੀਆਂ ਮਨੁੱਖ ਉੱਤੇ ਆਉਣਗੀਆਂ ਅਰ ਜਿਨ੍ਹਾਂ ਸੰਕਟਾਂ ਅਰ ਪਰੇਸ਼ਾਨੀਆਂ ਦਾ ਸਾਹਮਣਾ ਅਸੀਂ ਅੱਜ ਕਰ ਰਹੇ ਹਾਂ ਪਹਿਲਾਂ ਹੀ ਵੇਖ ਲਈਆਂ ਸਨ। ਅਰ ਬਾਈਬਲ ਸਾਨੂੰ ਦੱਸਦੀ ਹੈ ਕਿ ਪ੍ਰਮੇਸ਼ਵਰ ਸਾਨੂੰ ਵਿਖਾਉਣਾ ਚਾਹੁੰਦਾ ਹੈ ਕਿ ਇਹਨਾਂ ਦਾ ਸਾਹਮਣਾ ਅਸੀਂ ਕਿਵੇਂ ਕਰਨਾ ਹੈ।

ਪ੍ਰਮੇਸ਼ਵਰ ਨੇ ਮੂਸਾ ਨੂੰ ਉਮੀਦ ਦੇ ਦੋ ਸ਼ਬਦ ਆਖੇ, ਜਿਹੜੇ ਅੱਜ ਸਾਡੇ ਲਈ ਵੀ ਢੁਕਵੇਂ ਹਨ। ਜੇਕਰ ਅਸੀਂ ਉਹ ਕਰੀਏ ਜੋ ਉਹ ਆਖਦਾ ਹੈ ਤਾਂ ਅਸੀਂ ਨਾ ਕੇਵਲ ਇਹਨਾਂ ਪ੍ਰੀਖਿਆਵਾਂ ਵਿੱਚੋਂ ਬਾਹਰ ਹੀ ਨਿਕਲਾਂਗੇ ਸਗੋਂ ਪ੍ਰਮੇਸ਼ਵਰ ਦੇ ਵਾਅਦਿਆਂ ਨੂੰ ਸਾਡੇ ਲਈ ਪੂਰਾ ਹੁੰਦਾ ਵੀ ਵੇਖਾਂਗੇ:

## 1. ਪ੍ਰਮੇਸ਼ਵਰ ਸਾਨੂੰ ਕਿਸੇ ਵੀ ਦੁਸ਼ਮਣ ਤੋਂ ਨਾ ਡਰਨ ਦੀ ਆਗਿਆ ਦਿੰਦਾ ਹੈ!

"ਤੂੰ ਉਹਨਾਂ ਤੋਂ ਨਾ ਡਰੀਂ..." (ਬਿਵਸਥਾ ਸਾਰ 7:18)। ਇਸਰਾਏਲੀਆਂ ਲਈ "ਉਹਨਾਂ" ਦਾ ਅਰਥ ਸੀ, ਉਹ ਅਣਗਿਣਤ ਅਰ ਹਥਿਆਰਬੰਦ ਗੈਰ ਕੌਮਾਂ ਜਿਨਾਂ ਦਾ ਸਾਹਮਣਾ ਉਹਨਾਂ ਨੇ ਵਾਅਦੇ ਦੇ ਦੇਸ਼ ਵਿੱਚ ਕੀਤਾ। ਅੱਜ ਸਾਡੇ ਲਈ "ਉਹਨਾਂ" ਦਾ ਅਰਥ ਹੈ, ਹਰੇਕ ਸਮੱਸਿਆ, ਤਕਲੀਫ਼ ਅਤੇ ਜੀਵਨ ਵਿੱਚ ਵਧਦੀ ਜਾਂਦੀ ਮੁਸ਼ਕਲ।

ਤੁਸੀਂ ਪੁੱਛੋਗੇ, ਕਿ ਅਸੀਂ ਕਿਉਂ ਨਾ ਡਰੀਏ? ਪ੍ਰਮੇਸ਼ਵਰ ਅਜਿਹਾ ਆਖਦਾ ਹੈ! ਕਿਸੇ ਹੋਰ ਵਿਆਖਿਆ ਦੀ ਲੋੜ ਨਹੀਂ ਹੈ।ਪ੍ਰਮੇਸ਼ਵਰ ਸਰਵ-ਸ਼ਕਤੀਮਾਨ ਅਤੇ ਸਭ ਕੁੱਝ ਕਰਨ ਦੇ ਯੋਗ ਹੈ ਅਰ ਉਹ ਸਾਡੇ ਮੂਹਰੇ ਆਉਣ ਵਾਲੇ ਦੁਸ਼ਟ ਦੇ ਹਰੇਕ ਗੜ੍ਹ ਤੋਂ ਜਾਣੂ ਹੈ। ਉਹ ਹਰ ਫਾਹੀ, ਪ੍ਰੀਖਿਆ ਅਰ ਤਕਲੀਫ਼ ਨੂੰ ਜਿਹੜੀ ਸਾਡੇ ਉੱਤੇ ਸੁੱਟੀ ਜਾਵੇਗੀ ਜਾਣਦਾ ਹੈ। ਅਰ ਉਹ ਸਾਨੂੰ ਆਗਿਆ ਦਿੰਦਾ ਹੈ, "ਤੂੰ ਉਹਨਾਂ ਵਿੱਚੋਂ ਕਿਸੇ ਤੋਂ ਵੀ ਨਾ ਡਰੀਂ!"

ਪ੍ਰਮੇਸ਼ਵਰ ਨੇ ਅਬਰਾਹਾਮ ਨੂੰ ਆਗਿਆ ਦਿੱਤੀ। ਇੱਥੇ ਇਕ ਮਨੁੱਖ ਸੀ ਜਿਹੜਾ ਅਨਜਾਣ ਦੇਸ਼ ਵਿੱਚ ਸ਼ਕਤੀਸ਼ਾਲੀ ਰਾਜਿਆਂ ਦੇ ਵਿਚਕਾਰ ਰਹਿੰਦਾ ਸੀ ਅਤੇ ਨਹੀਂ ਜਾਣਦਾ ਸੀ ਕਿ ਉਸਦਾ ਕੀ ਬਣੇਗਾ। ਪਰੰਤੂ ਪ੍ਰਮੇਸ਼ਵਰ ਦਾ ਪਹਿਲਾ ਸ਼ਬਦ ਉਸ ਲਈ ਇਹੀ ਸੀ, "ਨਾ ਡਰ!" ...ਪ੍ਰਮੇਸ਼ਵਰ ਦਾ ਇਹ ਵਚਨ ਅਬਰਾਹਾਮ ਕੋਲ ਦਰਸ਼ਨ ਵਿੱਚ ਆਇਆ ਕਿ "ਅਬਰਾਹਾਮ ਨਾ ਡਰ, ਮੈਂ ਤੇਰੇ ਲਈ ਢਾਲ ਹਾਂ ਅਤੇ ਤੇਰਾ ਅੱਤ ਵੱਡਾ ਅਜ਼ਰ ਹਾਂ" (ਉਤਪਤ 15:1)।

ਇਸਦਾ ਅਰਥ ਹੈ, "ਮੈਂ ਤੇਰੇ ਦੁਆਲੇ ਇੱਕ ਕੰਧ, ਤੇਰਾ ਰਾਖਾ ਅਤੇ ਤੇਰੀ ਢਾਲ ਹੋਵਾਂਗਾ"। ਨਿਚੋੜ ਵਿੱਚ ਪ੍ਰਮੇਸ਼ਵਰ ਅਬਰਾਹਾਮ ਨੂੰ ਕਹਿ ਰਿਹਾ ਸੀ, "ਤੂੰ ਸਮੱਸਿਆਵਾਂ ਦਾ ਸਾਹਮਣਾ ਕਰੇਂਗਾ ਪਰੰਤੂ ਮੈਂ ਉਹਨਾਂ ਸਭਨਾ ਵਿੱਚ ਤੈਨੂੰ ਸੰਭਾਲਾਂਗਾ"। ਅਬਰਾਹਾਮ ਨੇ ਪ੍ਰਮੇਸ਼ਵਰ ਦੇ ਸ਼ਬਦ ਉੱਤੇ ਨਿਹਚਾ ਕੀਤੀ: "ਉਸਨੇ ਯਹੋਵਾਹ ਉੱਤੇ ਨਿਹਚਾ ਕੀਤੀ ਅਰ ਇਹ ਉਸ ਲਈ ਧਰਮ ਗਿਣੀ ਗਈ" (ਉਤਪਤ 15:6)।

ਇਹੀ ਸ਼ਬਦ ਅਬਰਾਹਮ ਦੇ ਪੁੱਤਰ ਇਸਹਾਕ ਕੋਲ ਆਇਆ। ਉਹ ਵੀ ਬੜੇ ਮੁਸ਼ਕਲ ਹਲਾਤ ਵਿੱਚ ਫਲਿਸਤੀਆਂ ਦੇ ਵਿਚਕਾਰ ਰਹਿ ਰਿਹਾ ਸੀ ਜਿਹੜੇ ਉਸਨੂੰ ਨਫ਼ਰਤ ਕਰਦੇ ਸਨ ਉਸ ਲਈ ਤਕਲੀਫ਼ਾਂ ਪੈਦਾ ਕਰਦੇ ਸਨ ਅਰ ਉਸਨੂੰ ਦੇਸ਼ ਵਿੱਚੋਂ ਕੱਢਣਾ ਚਾਹੁੰਦੇ ਸਨ। ਬਾਈਬਲ ਦੱਸਦੀ ਹੈ ਕਿ ਜਦੋਂ ਵੀ ਇਸਹਾਕ ਪਾਣੀ ਲਈ ਖੂਹ ਪੁੱਟਦਾ ਸੀ ਫਲਿਸਤੀ ਉਸਨੂੰ ਮਿੱਟੀ ਨਾਲ ਬੰਦ ਕਰ ਦਿੰਦੇ ਸਨ, "...ਫਲਿਸਤੀਆਂ ਨੇ ਉਹਨਾਂ ਨੂੰ ਬੰਦ ਕਰ ਦਿੱਤਾ ਅਰ ਖੂਹਾਂ ਨੂੰ ਮਿੱਟੀ ਨਾਲ ਭਰ ਦਿੱਤਾ" (ਉਤਪਤ 26:15)।

ਜਿੱਥੇ ਵੀ ਇਸਹਾਕ ਜਾਂਦਾ ਇਹੀ ਸਮੱਸਿਆ ਪੇਸ਼ ਆਉਂਦੀ। ਉਸਨੇ ਤਾਂ ਇੱਕ ਖੂਹ ਦਾ ਨਾਂ ਵੀ 'ਏਸਕ' ਰੱਖਿਆ ਜਿਸਦਾ ਅਰਥ ਹੈ 'ਝਗੜਾ'। ਇਸਹਾਕ ਨੂੰ ਬਾਰ ਬਾਰ ਸਮੱਸਿਆਵਾਂ ਦਾ ਸਾਹਮਣਾ ਕਰਨਾ ਪੈਂਦਾ ਸੀ। ਉਸਨੇ ਜ਼ਰੂਰ ਸੋਚਿਆ ਹੋਵੇਗਾ, "ਮੈਂ ਕਿਵੇਂ ਆਪਣੇ ਪਰਿਵਾਰ ਲਈ ਭੋਜਨ ਅਰ ਇੱਜੜ ਲਈ ਪਾਣੀ ਮੁਹੱਈਆ ਕਰਾਂਗਾ? ਮੈਂ ਕਿਵੇਂ ਆਪਣੇ ਬੱਚਿਆਂ ਨੂੰ ਭੈਅ ਰਹਿਤ ਜੀਵਨ ਦੇ ਸਕਾਂਗਾ ਕਿਉਂਕਿ ਕਿਸੇ ਵੇਲੇ ਵੀ ਫਲਿਸਤੀ ਸਾਡੇ ਉੱਪਰ ਹਮਲਾ ਕਰ ਦਿੰਦੇ ਹਨ? ਪ੍ਰਮੇਸ਼ਵਰ ਤੂੰ ਮੈਨੂੰ ਇੱਥੇ ਕਿਉਂ ਰੱਖਿਆ ਹੈ? ਮੈਂ ਇੱਥੋਂ ਕਿਵੇਂ ਬਾਹਰ ਨਿਕਲਾਂਗਾ?

ਜਦੋਂ ਇਸਹਾਕ ਦੇ ਉੱਤੇ ਸ਼ੱਕ ਦਾ ਇਹ ਬੱਦਲ ਬਣਨ ਲੱਗਾ. ਪ੍ਰਮੇਸ਼ਵਰ ਨੇ ਓਹੀ ਸ਼ਬਦ ਉਸਨੂੰ ਦਿੱਤਾ ਜਿਹੜਾ ਅਬਰਾਹਾਮ ਨੂੰ ਦਿੱਤਾ ਸੀ, "...ਨਾ ਡਰ! ਮੈਂ ਤੇਰੇ ਪਿਤਾ ਅਬਰਾਹਾਮ ਦਾ ਪ੍ਰਮੇਸ਼ਵਰ ਹਾਂ, ਮੈਂ ਤੇਰੇ ਸੰਗ ਹਾਂ ਅਰ ਮੈਂ ਤੈਨੂੰ ਅਸੀਸ ਦਿਆਂਗਾ ਅਰ

(ਚਲਦਾ ਸਫਾ 6 ਤੇ)

नहेम्याह बाइबल कॉलेज
रेसिडेन्शल कॉलेज, चेन्नई।
माध्यमः हिन्दी
सदस्यता के लिए पंजीकृत उम्मीदवार - ATA
सुविख्यात अंतर्राष्ट्रीय मसीही अगुवे तथा पिछले 53 वर्षों से सेवारत वरिष्ठ पासवान
Diploma in Ministry : One year
Diploma in Theology : Two years
Bachelor of Theology : Three years
योग्यता 10 वी या अधिक जल्दी करें!
Contact : The Chairman, Nehemiah Bible College.
10, MOHAMMED ABDULLAH 2ND STREET, CHEPAUK, CHENNAI - 600 005, INDIA.
Phone : (+91-44) 2852 8282, Cell : (+91) 98410 71852 / 95661 31858
E.mail : sam@echoofhiscall.org / Website : www.echoofhiscall.org
★ ऑनलाइन कक्षाएं उपलब्ध हैं ★

# GREAT COMMISSION PARTNERS
## ਮਹਾਨ ਆਦੇਸ਼ ਸਹਿਭਾਗੀ



TO SHARE (Galatians 6:2) SUPPORT (Romans 12:13) SPEEDUP (II Timothy 1:6)
ਵੰਡਣਾ (ਗਲਾਤੀਆਂ ੬:੨) ਸਹਾਇਤਾ ਕਰਨਾ(ਰੋਮੀਆਂ ੧੨:੧੩) ਤੇਜ਼ੀ ਕਰਨਾ (੨ਤਿਮੋਥੀਅਸ ੧:੬)

### 19 ਸਤੰਬਰ 2023 ਤੋਂ 18 ਅਕਤੂਬਰ 2023 ਤੱਕ

(ਕਿਰਪਾ ਕਰੇ ਇਹ ਪੰਨਾ ਬਾਹਰ ਕੱਢ ਲਓ, ਇਸ ਨੂੰ ਮੋੜੋ ਅਤੇ ਆਪਣੀ ਬਾਈਬਲ ਵਿੱਚ ਰੱਖੋ ਅਤੇ ਲਗਾਤਾਰ ਪ੍ਰਾਰਥਨਾ ਕਰੋ)

## ਵਡਿਆਈ ਦੇ ਮੁੱਦੇ

19 ਸਤੰਬਰ: ਬੁਲਾਵੇ ਦੀ ਗੂੰਜ ਸੇਵਕਾਈਆਂ ਦੀ 55ਵੀਂ ਵਰ੍ਹੇਗੰਢ ਦੇ ਜਸ਼ਨਾਂ ਨੂੰ ਅਸੀਸ ਦੇਣ ਲਈ।

20 ਸਤੰਬਰ: ਸਾਡੀ ਪ੍ਰਿੰਟਿੰਗ ਪ੍ਰੈਸ ਵਿੱਚ 16 ਭਾਸ਼ਾਵਾਂ ਵਿੱਚ ਸਾਡੀ ਮੈਗਜ਼ੀਨ ਨੂੰ ਛਾਪਣ ਅਤੇ ਪ੍ਰਕਾਸ਼ਿਤ ਕਰਨ ਅਤੇ ਮਿਸ਼ਨ ਖੇਤਰਾਂ ਵਿੱਚ ਭੇਜਣ ਦੇ ਯੋਗ ਬਣਾਉਣ ਲਈ।

21 ਸਤੰਬਰ: ਸਾਡੇ ਪ੍ਰਾਰਥਨਾ ਸਹਿਭਾਗੀਆਂ, ਸਬਸਕ੍ਰਾਈਬਰ ਸਹਿਭਾਗੀਆਂ, ਨਿਹਚਾ ਸਹਿਭਾਗੀਆਂ, ਜੀਵਨ ਸਹਿਭਾਗੀਆਂ ਅਤੇ ਮਹਾਨ ਆਦੇਸ਼ ਸਹਿਭਾਗੀਆਂ ਅਤੇ ਉਹਨਾਂ ਦੇ ਪਰਿਵਾਰਾਂ ਪ੍ਰਤੀ ਉਸਦੀ ਦਇਆ ਲਈ।

22 ਸਤੰਬਰ: ਬੁਲਾਵੇ ਦੀ ਗੂੰਜ ਦੇ ਸਟਾਫ਼ ਅਤੇ ਉਹਨਾਂ ਦੇ ਪਰਿਵਾਰਾਂ ਨੂੰ ਸੁਰੱਖਿਅਤ ਰੱਖਣ ਲਈ।

23 ਸਤੰਬਰ: ਸਾਡੇ ਬੁਲਾਵੇ ਦੀ ਗੂੰਜ ਯੂਟਿਊਬ ਮੀਡੀਆ ਮੰਤਰਾਲੇ ਦੇ 5 ਮਿੰਟ ਦੇ ਸੰਦੇਸ਼ਾਂ ਦੇ ਕਾਰਨ ਸਾਨੂੰ ਗਵਾਹੀਆਂ ਦੀ ਅਸੀਸ ਦੇਣ ਲਈ।

24 ਸਤੰਬਰ: ਸਾਡੇ ਸੇਂਟ ਪੌਲਜ਼ ਮੈਟ੍ਰਿਕ ਸਕੂਲ, ਨੇਹਮਿਆਹ ਬਾਈਬਲ ਕਾਲਜ ਅਤੇ ਬਾਈਬਲ ਪੱਤਰ ਵਿਹਾਰ ਦੇ ਕੋਰਸਾਂ 'ਤੇ ਪ੍ਰਮੇਸ਼ਵਰ ਦੀਆਂ ਅਸੀਸਾਂ ਲਈ।

25 ਸਤੰਬਰ: ਸਾਡੇ ਬੁਲਾਵੇ ਦੀ ਗੂੰਜ ਮੈਗਜ਼ੀਨਾਂ ਲਈ ਵਚਨਬੱਧ ਕੋਆਰਡੀਨੇਟਰ ਮੁਹੱਈਆ ਕਰਨ ਲਈ।

26 ਸਤੰਬਰ: ਮਿਸ਼ਨ ਵਰਕਰਾਂ ਵੱਲੋਂ ਵੱਡੀ ਵਚਨਬੱਧਤਾ ਲਈ।

27 ਸਤੰਬਰ: ਸਾਡੀ ਸੁਸਮਾਚਾਰ ਪ੍ਰਿੰਟਿੰਗ ਪ੍ਰੈਸ ਅਤੇ ਕੁਸ਼ਲ ਵਰਕਰਾਂ ਨਾਲ ਇਸਦੇ ਨਿਰੰਤਰ ਸੰਚਾਲਨ ਲਈ।

28 ਸਤੰਬਰ: ਸਾਡੇ ਰਿਹਾਇਸ਼ੀ ਅਤੇ ਸ਼ਾਮ ਦੇ ਨਹੇਮਯਾਹ ਬਾਈਬਲ ਕਾਲਜ ਲਈ ਨਵੇਂ ਵਿਦਿਆਰਥੀ ਪ੍ਰਦਾਨ ਕਰਨ ਲਈ।

29 ਸਤੰਬਰ: ਸਾਡੇ ਬਾਈਬਲ ਪੱਤਰ ਵਿਹਾਰ ਕੋਰਸ ਅਤੇ ਥੀਓਲਾਜੀਕਲ ਪੱਤਰ ਵਿਹਾਰ ਕੋਰਸ ਦੀ ਉੱਨਤੀ ਲਈ।

30 ਸਤੰਬਰ: ਸਾਡੇ ਰਿਹਾਇਸ਼ੀ ਨੇਹੇਮੀਆ ਬਾਈਬਲ ਕਾਲਜ, ਵੇਲਾਚੇਰੀ ਲਈ ਮੈਟਰੋ ਵਾਟਰ ਅਤੇ ਸੀਵਰੇਜ ਕਨੈਕਸ਼ਨ ਪ੍ਰਾਪਤ ਕਰਨ ਦੇ ਯੋਗ ਬਣਾਉਣ ਲਈ।

01 ਅਕਤੂਬਰ: ਸਾਡੀ ਸੇਵਕਾਈ ਨੂੰ ਸਮਰਪਿਤ ਐਸੋਸੀਏਟ ਸੰਪਾਦਕਾਂ ਦੀ ਅਸੀਸ ਦੇਣਾ ਜੋ ਬੁਲਾਵੇ ਦੀ ਗੂੰਜ ਸੇਵਕਾਈ ਦਾ ਸਮਰਥਨ ਕਰਦੇ ਹਨ।

02 ਅਕਤੂਬਰ: ਮੁੱਖ ਚਰਚ ਅਤੇ ਬ੍ਰਾਂਚ ਚਰਚਾਂ ਵਿੱਚ ਸਾਡੀਆਂ ਐਤਵਾਰ ਦੀਆਂ ਸੇਵਾਵਾਂ ਵਿੱਚ ਪ੍ਰਮੇਸ਼ਵਰ ਦੇ ਬਚਨ ਦੀ ਸ਼ਕਤੀ ਪ੍ਰਗਟ ਕਰਨ ਲਈ।

03 ਅਕਤੂਬਰ: ਸਾਡੇ ਸੀਨੀਅਰ ਪਾਸਟਰ ਅਤੇ ਉਨ੍ਹਾਂ ਦੁਆਰਾ ਕਈ ਸੇਵਕਾਈਆਂ ਰਾਹੀਂ ਖੁਸ਼ਖਬਰੀ ਦਾ ਪ੍ਰਚਾਰ ਕਰਨ ਖਾਤਰ ਉਨ੍ਹਾਂ ਦੀ ਵਚਨਬੱਧਤਾ ਲਈ।

## ਪ੍ਰਾਰਥਨਾ ਦੇ ਮੁੱਦੇ

04 ਅਕਤੂਬਰ: ਸਾਨੂੰ ਭਾਰਤ ਦੇ ਅਣ-ਪਹੁੰਚੇ ਲੋਕਾਂ ਤੱਕ ਪਹੁੰਚਣ ਦੇ ਯੋਗ ਬਣਾਉਣ ਲਈ।

05 ਅਕਤੂਬਰ: ਸਾਡੇ ਸੀਨੀਅਰ ਪਾਦਰੀ ਐਸ. ਸੈਮ ਸੇਲਵਾ ਰਾਜ ਅਤੇ ਉਹਨਾਂ ਦੇ ਪਰਿਵਾਰਕ ਮੈਂਬਰਾਂ ਦੇ ਹਰ ਤਰ੍ਹਾਂ ਦੀਆਂ ਬੁਰਾਈਆਂ ਤੋਂ ਸੁਰੱਖਿਅਤ ਰਹਿਣ ਲਈ।

06 ਅਕਤੂਬਰ: ਸਾਡੇ ਦਫਤਰੀ ਸਟਾਫ ਅਤੇ ਪ੍ਰਿੰਟਿੰਗ ਪ੍ਰੈੱਸ ਸਟਾਫ ਦੀ ਚੰਗੀ ਸਿਹਤ ਲਈ।

07 ਅਕਤੂਬਰ: ਸਾਡੇ ਸ਼ਾਮ ਅਤੇ ਰਿਹਾਇਸ਼ੀ ਨਹੇਮਯਾਹ ਬਾਈਬਲ ਕਾਲਜ ਦੇ ਵਿਦਿਆਰਥੀਆਂ ਦੀ ਸੁਰੱਖਿਆ ਲਈ।

08 ਅਕਤੂਬਰ: ਇਸ ਮਹੀਨੇ ਦੀਆਂ ਸਾਡੀਆਂ ਸਾਰੀਆਂ ਲੋੜਾਂ ਪੂਰੀਆਂ ਕਰਨ ਲਈ ।

09 ਅਕਤੂਬਰ: ਸਾਡੀ ਸੇਵਕਾਈ ਅਤੇ ਸੁਸਮਾਚਾਰ ਦੇ ਵਿਸ਼ਵਵਿਆਪੀ ਪ੍ਰਸਾਰ ਲਈ।

10 ਅਕਤੂਬਰ: ਆਪਣੀ ਆਤਮਕਥਾ ਲਿਖਣ ਵਿੱਚ ਸਾਡੇ ਸੀਨੀਅਰ ਪਾਸਟਰ ਦੀ ਸਫਲਤਾ ਲਈ।

11 ਅਕਤੂਬਰ: ਪੂਰੀ ਦੁਨੀਆ ਵਿੱਚ ਸ਼ਾਂਤੀ ਬਣੀ ਰਹਿਣ ਲਈ।

12 ਅਕਤੂਬਰ: ਪੂਰੀ ਦੁਨੀਆ ਦੇ ਮਿਸ਼ਨਰੀਆਂ ਦੀ ਅਲੌਕਿਕ ਸੁਰੱਖਿਆ ਲਈ।

13 ਅਕਤੂਬਰ: ਮਨੀਪੁਰ ਰਾਜ 'ਤੇ ਉਸਦੀ ਕਿਰਪਾ ਅਤੇ ਰਹਿਮ ਹੋਣ ਲਈ ਅਤੇ ਮੇਤੇਈ ਅਤੇ ਕੂਕੀ ਆਦਿਵਾਸੀ ਭਾਈਚਾਰਿਆਂ ਵਿੱਚ ਸ਼ਾਂਤੀ ਸਥਾਪਤ ਹੋਣ ਲਈ।

14 ਅਕਤੂਬਰ: ਸਾਡੇ ਅੰਗਰੇਜ਼ੀ ਐਸੋਸੀਏਟ ਐਡੀਟਰ ਡਾ. ਰਿਚਰਡ ਸੈਮੂਅਲ ਲਈ ਅਤੇ ਸਾਡੇ ਮਰਾਠੀ ਐਸੋਸੀਏਟ ਐਡੀਟਰ ਬ੍ਰੋ ਸ਼ਸ਼ੀਕਾਂਤ ਤਿਵਾਰੀ ਦੀ ਪਤਨੀ ਸ਼੍ਰੀਮਤੀ ਸੁਵਾਰਤਾ ਦੀ ਜਲਦੀ ਸਿਹਤਯਾਬੀ ਲਈ।

15 ਅਕਤੂਬਰ: ਦੁਨੀਆ ਦੇ ਵੱਖ-ਵੱਖ ਹਿੱਸਿਆਂ ਵਿੱਚ ਆਰਥਿਕ ਮੰਦੀ ਦਾ ਅੰਤ ਹੋਣ ਲਈ।

16 ਅਕਤੂਬਰ: ਕੁਦਰਤੀ ਆਫ਼ਤਾਂ ਤੋਂ ਦੁਨੀਆਂ ਭਰ ਦੇ ਲੋਕਾਂ ਦੀ ਅਲੌਕਿਕ ਸੁਰੱਖਿਆ ਲਈ।

17 ਅਕਤੂਬਰ: ਪ੍ਰਮੇਸ਼ਵਰ ਸਾਰੇ ਦੇਸ਼ਾਂ ਨੂੰ ਉਸਦਾ ਭੈ ਮੰਨਣ ਵਾਲੇ ਨੇਤਾਵਾਂ ਦੀ ਬਖਸ਼ਿਸ਼ ਕਰੇ।

18 ਅਕਤੂਬਰ: ਦੱਬੇ-ਕੁਚਲੇ ਲੋਕਾਂ ਦੇ ਆਰਥਿਕ ਸੁਧਾਰ ਲਈ।

(ਸਫਾ 4 ਤੋਂ ਚਲਦਾ-)

ਆਪਣੇ ਦਾਸ ਅਬਰਾਹਾਮ ਦੇ ਕਰਕੇ ਤੇਰੀ ਅੰਸ ਨੂੰ ਵਧਾਵਾਂਗਾ" (ਉਤਪਤ 26:24)।

ਅੱਜ ਇਸਹਾਕ ਵਾਂਗ ਅਸੀਂ ਵੀ ਅਬਰਾਹਾਮ ਦੀ ਸੰਤਾਨ ਹਾਂ, ਅਤੇ ਪ੍ਰਮੇਸ਼ਵਰ ਨੇ ਓਹੀ ਵਾਅਦਾ ਸਾਡੇ ਨਾਲ ਵੀ ਕੀਤਾ ਹੈ ਜਿਹੜਾ ਉਸਨੇ ਅਬਰਾਹਾਮ ਅਤੇ ਉਸਦੀ ਅੰਸ ਨਾਲ ਕੀਤਾ ਹੈ। "ਅਤੇ ਜੇ ਤੁਸੀਂ ਮਸੀਹ ਦੇ ਹੋ ਤਾਂ ਅਬਰਾਹਾਮ ਦੀ ਅੰਸ ਅਤੇ ਵਚਨ ਦੇ ਅਨੁਸਾਰ ਅਧਿਕਾਰੀ ਹੋ" (ਗਲਾਤੀਆਂ ਨੂੰ 3:29)। ਅਸੀਂ ਉਸੇ ਪ੍ਰਮੇਸ਼ਵਰ ਦੀ ਸੇਵਾ ਕਰਦੇ ਹਾਂ ਜਿਹੜਾ ਅਬਰਾਹਾਮ ਦੀ ਢਾਲ ਸੀ। ਅਰ ਉਹ ਸਮਰੱਥੀ ਸਾਡੇ ਨਾਲ ਹੈ।

ਸਾਡਾ ਸਵਰਗੀ ਪਿਤਾ ਸਾਡੇ ਹਰੇਕ ਕਦਮ ਨੂੰ ਵੇਖਦਾ ਹੈ। ਅਰ ਸਾਡੇ ਸਭ ਸੰਘਰਸ਼ਾਂ ਅਤੇ ਪਰੇਸ਼ਾਨੀਆਂ ਦੇ ਬਾਵਜੂਦ ਉਹ ਸਾਨੂੰ ਆਖਦਾ ਹੈ, "ਨਾ ਡਰ!" ਇਸ ਗੱਲ ਤੇ ਵਿਸ਼ਵਾਸ ਨਾ ਕਰੋ ਕਿ ਸਾਡੀ ਸਮੱਸਿਆ ਸਾਨੂੰ ਦਬਾਅ ਕੇ ਨਾਸ ਕਰ ਸਕਦੀ ਹੈ ਬਲਕਿ ਇਹ ਜਾਣ ਲਓ ਕਿ ਉਹ ਸਾਡੀ ਢਾਲ ਹੈ।

"ਹੇ ਇਸਰਾਏਲ! ਤੂੰ ਧੰਨ ਹੈਂ ਤੇਰੇ ਵਰਗਾ ਕੌਣ ਹੈ, ਯਹੋਵਾਹ ਦੀ ਬਚਾਈ ਹੋਈ ਪਰਜਾ, ਤੇਰੀ ਸਹਾਇਤਾ ਦੀ ਢਾਲ ਅਤੇ ਤੇਰੇ ਪ੍ਰਤਾਪ ਦੀ ਤੇਗ, ਤੇਰੇ ਵੈਰੀ ਤੈਥੋਂ ਝਿਜਕਣਗੇ, ਪਰ ਤੂੰ ਉਹਨਾਂ ਦੇ ਉੱਚੇ ਸਥਾਨਾਂ ਉੱਤੇ ਮਿੱਧਦਾ ਫਿਰੇਂਗਾ" (ਬਿਵਸਥਾ ਸਾਰ 33:29)। ਪ੍ਰਮੇਸ਼ਵਰ ਸਾਨੂੰ ਆਖ ਰਿਹਾ ਹੈ, "ਇਹ ਇੱਕ ਝੂਠ ਹੈ ਕਿ ਮੈਂ ਤੁਹਾਨੂੰ ਛੱਡ ਦਿੱਤਾ ਹੈ! ਇਹ ਝੂਠ ਹੈ ਕਿ ਮੈਂ ਤੁਹਾਡੇ ਉੱਤੇ ਬਹੁਤ ਕ੍ਰੋਧਵਾਨ ਹਾਂ ਅਤੇ ਤੁਹਾਡੇ ਵਿਰੋਧੀਆਂ ਦੇ ਮੂਹਰੇ ਮੈਂ ਤੁਹਾਨੂੰ ਇਕੱਲੇ ਛੱਡ ਦਿੱਤਾ ਹੈ। ਇਹ ਸਭ ਸ਼ੈਤਾਨ ਦੇ ਝੂਠ ਹਨ!"

**ਮੈਂ ਉਹਨਾਂ ਸਭ ਮਸੀਹੀਆਂ ਨਾਲ ਗੱਲ ਕਰਨਾ ਚਾਹੁੰਦਾ ਹਾਂ ਜਿਹੜੇ ਧਾਵਾ ਬੋਲਣ ਵਾਲੇ ਪਾਪ ਨਾਲ ਜੂਝ ਰਹੇ ਹਨ।**

ਕੀ ਹਰ ਸਵੇਰ ਤੁਸੀਂ ਕਿਸੇ ਧਾਵਾ ਬੋਲਣ ਵਾਲੀ ਵਾਸਨਾ ਜਾਂ ਆਦਤ ਉੱਤੇ ਖਿਝਦੇ ਹੋਏ ਉੱਠਦੇ ਹੋ? ਕੀ ਤੁਸੀਂ ਇਹ ਸੋਚ ਸੋਚ ਕੇ ਜੀਅ ਰਹੇ ਹੋ ਕਿ, "ਇਹ ਬੁਰਾਈ ਹਾਲੇ ਵੀ ਮੇਰੇ ਅੰਦਰ ਜੀਵਿਤ ਹੈ"।

ਪ੍ਰਮੇਸ਼ਵਰ ਉਸ ਪਾਪ ਬਾਰੇ ਜਾਣਦਾ ਹੈ ਜਿਹੜਾ ਤੁਹਾਡੇ ਅੰਦਰ ਅਜੇ ਬਾਕੀ ਹੈ।ਉਹ ਇਹ ਵੀ ਜਾਣਦਾ ਹੈ ਕਿ ਤੁਸੀਂ ਉਸ ਉੱਤੇ ਕਿੰਨੇ ਕ੍ਰੋਧਿਤ ਹੋ ਅਤੇ ਤੁਸੀਂ ਉਸ ਲਈ ਕਿੰਨੇ ਹੰਝੂ ਵਹਾਏ ਹਨ।ਉਹ ਚਾਹੁੰਦਾ ਹੈ ਕਿ ਤੁਸੀਂ ਇਹ ਗੱਲ ਸੁਣੋ: "ਨਾ ਡਰ! ਮੈਂ ਤੇਰੀ ਢਾਲ, ਤੇਰਾ ਰਾਖਾ, ਤੇਰਾ ਬਚਾਓ, ਸਭ ਵੈਰੀਆਂ ਵਿਰੁੱਧ ਤੇਰੀ ਪਵਿੱਤਰਤਾ ਦੀ ਤਲਵਾਰ, ਮੈਂ ਤੇਰੇ ਬਾਹਰ ਨਿਕਲਣ ਦਾ ਰਾਹ ਜਾਣਦਾ ਹਾਂ ਅਤੇ ਮੈਂ ਤੈਨੂੰ ਯੁੱਧ ਕਰਨਾ ਸਿਖਾਵਾਂਗਾ!"

ਦਾਊਦ ਇਹ ਜਾਣਦਾ ਸੀ, ਇਸੇ ਕਰਕੇ ਉਹ ਇਹ ਆਖ ਸਕਿਆ, "ਮੈਂ ਕਿਸੇ ਬਦੀ ਤੋਂ ਨਾ ਡਰਾਂਗਾ..." (ਜ਼ਬੂਰ 23:4)। ਉਸਨੇ ਜਾਣ ਲਿਆ ਕਿ ਜੇਕਰ ਉਹ ਡਰ ਗਿਆ ਤਾਂ ਸ਼ੈਤਾਨ ਜਿੱਤ ਜਾਵੇਗਾ।

ਪਿਆਰਿਓ, ਇਸੇ ਢੰਗ ਨਾਲ ਹੀ ਵਿਰੋਧੀ ਤੁਹਾਡੇ ਵਿਰੁੱਧ ਕੰਮ ਕਰਦਾ ਹੈ। ਉਹ ਚਾਹੁੰਦਾ ਹੈ ਕਿ ਤੁਸੀਂ ਆਪਣੇ ਪਾਪ ਤੋਂ ਡਰੋ- ਕਿ ਤੁਸੀਂ ਕਦੇ ਅਜ਼ਾਦ ਨਹੀਂ ਹੋਵੋਗੇ ਅਤੇ ਨਾ ਹੀ ਛੁਟਕਾਰਾ ਪਾਓਗੇ। ਪਰੰਤੂ ਪ੍ਰਮੇਸ਼ਵਰ ਸਭ ਸੋਗ ਕਰਨ ਵਾਲੇ ਸੰਤਾਂ ਨੂੰ ਆਖਦਾ ਹੈ: ਨਾ ਡਰੋ! ਮੈਂ ਤੁਹਾਡੀਆਂ ਸਭ ਤਕਲੀਫ਼ਾਂ ਨੂੰ ਵੇਖਦਾ ਅਰ ਜਾਣਦਾ ਹਾਂ, ਅਤੇ ਮੈਂ ਸ਼ੈਤਾਨ ਨੂੰ ਤੁਹਾਨੂੰ ਨਾਸ਼ ਨਹੀਂ ਕਰਨ ਦੇਵਾਂਗਾ!"

ਤੁਸੀਂ ਆਖੋਗੇ, ਕਿ "ਮੈਨੂੰ ਕੀ ਕਰਨਾ ਪਵੇਗਾ? ਮੈਂ ਪ੍ਰਭੂ ਦੀ ਸ਼ਾਂਤੀ ਅਤੇ ਅਰਾਮ ਇਹਨਾਂ ਸਭ ਮੁਸ਼ਕਲਾਂ ਵਿੱਚ ਕਿਵੇਂ ਪਾਵਾਂਗਾ?"

ਉੱਤਰ, ਪ੍ਰਮੇਸ਼ਵਰ ਦੁਆਰਾ ਮੂਸਾ ਅਰ ਇਸਰਾਏਲੀਆਂ ਨੂੰ ਆਖੇ ਗਏ ਸ਼ਬਦਾਂ ਵਿੱਚ ਮਿਲਦਾ ਹੈ। ਉਹਨਾਂ ਦੇ ਅੱਗੇ ਸਮੁੰਦਰ ਸੀ, ਪਿੱਛੇ ਦੁਸ਼ਮਣ ਸੀ ਅਰ ਕੋਈ ਸ਼ਾਂਤੀ ਨਹੀਂ ਸੀ, ਪ੍ਰਮੇਸ਼ਵਰ ਨੇ ਆਗਿਆ ਦਿੱਤੀ, "...ਨਾ ਡਰੋ, ਦ੍ਰਿੜਤਾ ਨਾਲ ਖਲੋਤੇ ਰਹੋ ਅਤੇ ਪ੍ਰਮੇਸ਼ਵਰ ਦੀ ਨਜਾਤ ਨੂੰ ਵੇਖੋ ਜਿਹੜੀ ਉਹ ਅੱਜ ਤੁਹਾਨੂੰ ਦੇਣ ਜਾ ਰਿਹਾ ਹੈ...ਪ੍ਰਮੇਸ਼ਵਰ ਤੁਹਾਡੇ ਲਈ ਲੜੇਗਾ ਪਰ ਤੁਸਾਂ ਚੁੱਪ ਹੀ ਰਹਿਣਾ" (ਕੂਚ 14:13, 14)।

ਇਸਤੋਂ ਕੀ ਭਾਵ ਹੈ ਕਿ- "ਤੁਸੀਂ ਤਸੱਲੀ ਪਾਓਗੇ"? ਇਸਦਾ ਅਰਥ ਹੈ, ਹੋਰ ਚਿੰਤਾ ਨਹੀਂ, ਲਗਾਤਾਰ ਕੋਸ਼ਿਸ਼ਾਂ ਕਰਨਾ ਅਰ ਇਹ ਸੋਚਣਾ ਖਤਮ ਕਿ ਪ੍ਰਮੇਸ਼ਵਰ ਰਾਹ ਕੱਢੇਗਾ। ਇਸ ਵੇਲੇ ਉਹ ਮਾਰਗਦਰਸ਼ਨ ਦਾ ਸ਼ਬਦ ਤੁਹਾਨੂੰ ਦੇਵੇਗਾ ਜਿਵੇ ਉਸਨੇ ਇਸਰਾਏਲੀਆਂ ਨੂੰ ਦਿੱਤਾ, "...ਅੱਗੇ ਵਧੋ" (ਆਇਤ 15)।

ਯਹੋਸ਼ੁਆ ਨੇ ਵੀ ਸਖ਼ਤ ਦੁਸ਼ਮਣਾ ਦਾ ਸਾਹਮਣਾ ਕੀਤਾ। ਯਹੋਸ਼ੁਆ ਅਰ ਉਸਦੀ ਸੈਨਾ ਨੂੰ ਗਿਬਿਓਨ ਤੀਕ ਸਾਰੀ ਰਾਤ ਯਾਤਰਾ ਕਰਨੀ ਪਈ ਜਿੱਥੇ ਉਹਨਾਂ ਦਾ ਸਾਹਮਣਾ ਪੰਜ ਰਾਜਿਆਂ ਦੀ ਸਾਂਝੀ ਸੈਨਾ ਨਾਲ ਹੋਇਆ। ਜਦੋਂ ਯਹੋਸ਼ੁਆ ਨੇ ਯੁੱਧ ਦੇ ਮੈਦਾਨ ਵਿੱਚ ਨਿਗਾਹ ਕੀਤੀ ਤਾਂ ਵੇਖਿਆ ਕਿ ਵਾਦੀ ਮਜਬੂਤ ਰੱਥਾਂ ਅਤੇ ਕੁਸ਼ਲ ਯੋਧਿਆਂ ਨਾਲ ਭਰੀ ਪਈ ਸੀ। ਪਰੰਤੂ ਉਸ ਕੋਲ ਕੇਵਲ ਘਬਰਾਏ ਹੋਏ ਅਕੁਸ਼ਲ ਵਿਅਕਤੀਆਂ ਦਾ ਇੱਕ ਜੱਥਾ ਸੀ।

ਉਸ ਸਮੇਂ ਨਿਰਾਸ਼ਾ ਦਾ ਇੱਕ ਬੱਦਲ


## ਨਹਮਯਾਹ ਬਾਈਬਲ ਸ਼ਾਮ ਦਾ ਕਾਲਜ

ਚੇਪੌਕ ਅਤੇ ਸੰਤੋਸ਼ਪੁਰਮ, ਚੇਨਈ

ECHO OF HIS CALL REACHING NATIONS

ਮਾਧਿਅਮ- ਤਾਮਿਲ

ATA NEHEMIAH BIBLE COLLEGE CHENNAI Regd. Candidate for Membership ECHO OF HIS CALL Estd: 1969

*Registered Candidate for Membership*
Asia Theological Association (ATA)

ਅੰਤਰਰਾਸ਼ਟਰੀ ਮਸੀਹੀ ਲੀਡਰਾਂ ਅਰ ਸੀਨੀਅਰ ਪਾਸਬਾਨਾਂ ਦੁਆਰਾ ਪੜ ਸਾਲਾਂ ਤੋਂ ਮਾਨਤਾ ਪ੍ਰਾਪਤ

Diploma in Ministry : One year
Diploma in Theology : Two years
Bachelor of Theology : Three years

ਯੋਗਤਾ: ਦਸਵੀਂ ਅਰ ਉਸਤੋਂ ਵੱਧ

ਦਾਖਲੇ ਲਈ ਛੇਤੀ ਕਰੋ

**Contact : The Chairman, Nehemiah Bible College.**
10, MOHAMMED ABDULLAH 2ND STREET, BELLS ROAD, CHEPAUK, CHENNAI - 600 005, INDIA.
Phone : (+91-44) 2852 8282, Cell : (+91) 98410 71852 / 95661 31858
E.mail : sam@echoofhiscall.org / Website : www.echoofhiscall.org

ਯਹੋਸ਼ੁਆ ਉੱਪਰ ਜ਼ਰੂਰ ਛਾਇਆ ਹੋਵੇਗਾ। ਉਸਨੇ ਸ਼ਾਇਦ ਸੋਚਿਆ ਹੋਵੇਗਾ, "ਪ੍ਰਭੂ ਅਸੀਂ ਤਾਂ ਬੜੀ ਮੁਸ਼ਕਲ ਨਾਲ ਇੱਥੇ ਤੱਕ ਪਹੁੰਚੇ ਹਾਂ ਅਤੇ ਹੁਣ ਸਾਨੂੰ ਇਸ ਸ਼ਕਤੀਸ਼ਾਲੀ ਦੁਸ਼ਮਣ ਨਾਲ ਲੜਨਾ ਪਵੇਗਾ। ਮੈਨੂੰ ਦੱਸ ਅਸੀਂ ਹੁਣ ਕੀ ਕਰੀਏ?"

ਬਾਈਬਲ ਆਖਦੀ ਹੈ, "ਪ੍ਰਮੇਸ਼ਵਰ ਨੇ ਯਹੋਸ਼ੁਆ ਨੂੰ ਆਖਿਆ, ਉਹਨਾਂ ਤੋਂ ਨਾ ਡਰ, ਕਿਉਂਕਿ ਮੈਂ ਉਹਨਾਂ ਨੂੰ ਤੁਹਾਡੇ ਹੱਥ ਵਿੱਚ ਕਰ ਦਿੱਤਾ ਹੈ, ਉਹਨਾਂ ਵਿੱਚੋਂ ਇੱਕ ਵੀ ਮਨੁੱਖ ਤੁਹਾਡੇ ਵਿਰੁੱਧ ਨਹੀਂ ਖੜ੍ਹੇਗਾ" (ਯਹੋਸ਼ੁਆ 10:8)

ਯਹੋਸ਼ੁਆ ਦੇ ਯੁੱਧ ਦੇ ਮੈਦਾਨ ਵਿੱਚ ਵੜ੍ਹਨ ਤੋਂ ਪਹਿਲਾਂ ਹੀ ਪ੍ਰਮੇਸ਼ਵਰ ਨੇ ਜਿੱਤ ਦੀ ਘੋਸ਼ਣਾ ਕਰ ਦਿੱਤੀ। ਉਸਨੇ ਆਖਿਆ, "ਜਿੱਤ ਪਹਿਲਾਂ ਹੀ ਜਿੱਤੀ ਗਈ ਹੈ, ਯੁੱਧ ਤੋਂ ਬਾਦ ਇਹਨਾਂ ਦੁਸ਼ਮਣ ਸੈਨਿਕਾਂ ਵਿੱਚੋਂ ਇੱਕ ਵੀ ਖੜ੍ਹਾ ਨਹੀਂ ਰਹੇਗਾ। ਜਾਹ ਅਤੇ ਇਹ ਜਾਣਦੇ ਹੋਏ ਯੁੱਧ ਲੜ ਕਿ ਮੈਂ ਜਿੱਤ ਦਾ ਵਾਅਦਾ ਤੈਨੂੰ ਦੇ ਦਿੱਤਾ ਹੈ।"

ਇਹੀ ਸਲੀਬ ਦਾ ਸੰਦੇਸ਼ ਵੀ ਹੈ। ਸਾਡੇ ਲਈ ਜਿੱਤ ਪਹਿਲਾਂ ਹੀ ਜਿੱਤੀ ਜਾ ਚੁੱਕੀ ਹੈ। ਕੋਈ ਫ਼ਰਕ ਨਹੀਂ ਪੈਂਦਾ ਕਿ ਕਿਹੜਾ ਸੰਕਟ ਸਾਡੇ ਸਾਹਮਣੇ ਹੈ, ਕਿਹੜੀਆਂ ਮਜਬੂਤ ਮੁਸ਼ਕਲਾਂ ਸਾਡੇ ਸਾਹਮਣੇ ਆਉਣਗੀਆਂ, ਸਾਡੀ ਜਿੱਤ ਪੱਕੀ ਹੈ। "ਇਹਨਾਂ ਸਭਨਾਂ ਗੱਲਾਂ ਵਿੱਚ ਅਸੀਂ ਉਸ ਰਾਹੀਂ ਜਿਸਨੇ ਸਾਨੂੰ ਪ੍ਰੇਮ ਕੀਤਾ ਹੈ ਹੱਦੋਂ ਵੱਧ ਫਤਹ ਪਾਉਂਦੇ ਹਾਂ" (ਰੋਮੀਆਂ ਨੂੰ 8:37)।

ਕੀ ਇਸਦਾ ਮਤਲਬ ਹੈ ਕਿ ਸਾਨੂੰ ਕੁੱਝ ਵੀ ਕਰਨ ਦੀ ਲੋੜ ਨਹੀਂ- ਕਿ ਅਸੀਂ ਉਡੀਕ ਕਰੀਏ ਕਿ ਪ੍ਰਮੇਸ਼ਵਰ ਆਪਣੇ ਦੂਤ ਨੂੰ ਘੱਲ ਕੇ ਸਾਡੇ ਸਭ ਦੁਸ਼ਮਣਾਂ ਦਾ ਨਾਸ ਕਰੇਗਾ? ਨਹੀਂ- ਕਦੇ ਨਹੀਂ! ਭਾਵੇਂ ਪ੍ਰਮੇਸ਼ਵਰ ਨੇ ਸਾਡੀ ਜਿੱਤ ਦੀ ਘੋਸ਼ਣਾ ਕਰ ਦਿੱਤੀ ਹੈ ਪਰੰਤੂ ਉਹ ਸਾਡੇ ਹਿੱਸੇ ਦਾ ਕੰਮ ਨਹੀਂ ਕਰੇਗਾ।

ਸਾਨੂੰ ਵੀ ਤਲਵਾਰ ਚੁੱਕ ਕੇ ਦੁਸ਼ਮਣ ਨਾਲ ਲੜਨਾ ਪਵੇਗਾ। ਫ਼ਰਕ ਇਹ ਹੈ ਕਿ ਇਹ ਯੁੱਧ ਅਸੀਂ ਇਸ ਵਿਸ਼ਵਾਸ ਨਾਲ ਲੜਨਾ ਹੈ ਕਿ ਪ੍ਰਮੇਸ਼ਵਰ ਸਾਨੂੰ ਬਲ ਦੇਵੇਗਾ: "ਪ੍ਰਮੇਸ਼ਵਰ ਦਾ ਧੰਨਵਾਦ ਜਿਹੜਾ ਸਾਨੂੰ ਪ੍ਰਭੂ ਯਿਸੂ ਮਸੀਹ ਦੇ ਵਸੀਲੇ ਜਿੱਤ ਦਿੰਦਾ ਹੈ" (1 ਕੁਰਿੰਥੀਆਂ ਨੂੰ 15:57)।

ਪਵਿੱਤਰ ਆਤਮਾ ਸਾਡੇ ਵਿਸ਼ਵਾਸ ਦਾ ਪ੍ਰਤੀ ਉੱਤਰ ਦਿੰਦਾ ਹੈ। ਜਦੋਂ ਅਸੀਂ ਉਸਨੂੰ ਪੁਕਾਰਦੇ ਹਾਂ ਤਾਂ ਉਹ ਬੜੀ ਸਮਰੱਥ ਨਾਲ ਸਾਡੇ ਉੱਪਰ ਆਉਂਦਾ ਹੈ ਤਾਂ ਕਿ ਅਸੀਂ ਸਰੀਰ ਦੀ ਮਨਸਾ ਨੂੰ ਨਾਸ ਕਰ ਸਕੀਏ। ਸਾਡਾ ਕੰਮ ਹੈ ਵਿਸ਼ਵਾਸ ਕਰਨਾ ਅਤੇ ਇਹ ਭਰੋਸਾ ਰੱਖਣਾ ਕਿ ਪ੍ਰਮੇਸ਼ਵਰ ਦਾ ਆਤਮਾ ਸਾਡੇ ਵਿਰੁੱਧ ਆਉਣ ਵਾਲੀ ਦੁਸ਼ਟ ਸ਼ਕਤੀ ਦਾ ਸਾਹਮਣਾ ਕਰੇਗਾ।

**2. ਪ੍ਰਮੇਸ਼ਵਰ ਸਾਨੂੰ ਆਗਿਆ ਦਿੰਦਾ ਹੈ ਕਿ ਅਸੀਂ ਚੇਤੇ ਰੱਖੀਏ ਕਿ ਭੂਤਕਾਲ ਵਿੱਚ ਉਸਨੇ ਕਿਵੇਂ ਸਾਡੇ ਦੁਸ਼ਮਣਾ ਨੂੰ ਹਰਾਇਆ!!**

ਮੂਸਾ ਨੇ ਇਸਰਾਏਲੀਆਂ ਨੂੰ ਨਿਰਦੇਸ਼ ਦਿੱਤੇ, "ਤੁਸੀਂ ਉਹਨਾਂ ਤੋਂ ਨਾ ਡਰਨਾ, ਪਰੰਤੂ ਚੇਤੇ ਰੱਖਣਾ ਕਿ ਪ੍ਰਭੂ ਤੁਹਾਡੇ ਪ੍ਰਮੇਸ਼ਵਰ ਨੇ ਫਿਰੌਨ ਅਤੇ ਸਮੁੱਚੇ ਮਿਸਰ ਨਾਲ ਕੀ ਕੀਤਾ...ਚਿੰਨ੍ਹ, ਚਮਤਕਾਰ ਅਤੇ ਸਮਰੱਥੀ ਹੱਥ; ਅਤੇ ਵਧਾਈ ਹੋਈ ਭੁਜਾ ਨਾਲ ਉਹ ਤੁਹਾਨੂੰ ਬਾਹਰ ਕੱਢ ਲਿਆਇਆ: ਤਿਹਾ ਹੀ ਪ੍ਰਮੇਸ਼ਵਰ ਇਹਨਾਂ ਸਭ ਲੋਕਾਂ ਨਾਲ ਕਰੇਗਾ ਜਿਨ੍ਹਾਂ ਤੋਂ ਤੁਸੀਂ ਡਰਦੇ ਹੋ" (ਬਿਵਸਥਾ ਸਾਰ 7:18-19)।

ਕਿੰਨਾ ਸਮਰੱਥੀ ਸੰਦੇਸ਼! ਮੂਸਾ ਇਸਰਾਏਲੀਆਂ ਨੂੰ ਯਾਦ ਦਿਲਾ ਰਿਹਾ ਸੀ, "ਭਾਵੇਂ ਦੁਸ਼ਮਣ ਕਿਹੋ ਜਿਹਾ ਵੀ ਹੋਵੇ, ਪ੍ਰਮੇਸ਼ਵਰ ਨੇ ਉਸ ਉੱਤੇ ਜਿੱਤ ਦੇਣ ਦਾ ਵਾਅਦਾ ਕੀਤਾ ਹੈ। ਉਸਨੇ ਤੁਹਾਡੇ ਪਿੱਤਰਾਂ ਨੂੰ ਫਿਰੌਨ ਤੋਂ ਛੁਡਾਇਆ ਅਤੇ ਅੱਜ ਉਹ ਤੁਹਾਡੇ ਲਈ ਵੀ ਉਵੇਂ ਹੀ ਕਰੇਗਾ!"

"...ਜੀਵਨ ਭਰ ਉਸ ਦਿਨ ਨੂੰ ਚੇਤੇ ਰੱਖਣਾ ਜਦੋਂ ਤੁਸੀਂ ਮਿਸਰ ਦੇਸ਼ ਵਿੱਚੋਂ ਬਾਹਰ ਨਿਕਲੇ ਸੀ" (16:3) "ਚੇਤੇ ਰੱਖਣਾ ਕਿ ਤੁਸੀਂ ਮਿਸਰ ਵਿੱਚ ਬੰਧੂਏ ਸੀ..." (ਆਇਤ 12)।

ਮੂਸਾ ਦੀ ਪੁਕਾਰ ਲੋਕਾਂ ਲਈ ਇਹ ਸੀ ਕਿ, ਪਿਛਲੇ ਸਮੇਂ ਨੂੰ ਚੇਤੇ ਰੱਖੋ। ਜੇਕਰ ਤੁਸੀਂ ਉਜਾੜ ਵਿੱਚ ਕਠਿਨ ਸਮੇਂ ਦਾ ਅਨੁਭਵ ਕਰ ਰਹੇ ਹੋ ਤਾਂ ਉਹਨਾਂ ਸਭ ਦੁੱਖਾਂ ਨੂੰ ਚੇਤੇ ਕਰੋ ਜਿਨ੍ਹਾਂ ਦਾ ਸਾਹਮਣਾ ਤੁਸੀਂ ਮਿਸਰ ਵਿੱਚ ਕੀਤਾ ਸੀ। ਉਸ ਜੀਵਨ ਨੂੰ ਨਾ ਭੁੱਲੋ ਜਦੋਂ ਤੁਸੀ ਸਭ ਮਿਸਰ ਵਿੱਚ ਗੁਲਾਮ ਸੀ ਅਰ ਇਹ ਵੀ ਚੇਤੇ ਰੱਖੋ ਕਿ ਪ੍ਰਮੇਸ਼ਵਰ ਨੇ ਤੁਹਾਨੂੰ ਛੁਡਾਉਣ ਲਈ ਅਰ ਇਸ ਸਭ ਤੋਂ ਬਚਾ ਕੇ ਸ਼ੁੱਧ ਕਰਨ ਲਈ ਕੀ ਕੁੱਝ ਕੀਤਾ।

ਯਸਾਯਾਹ ਨਬੀ ਨੇ ਵੀ ਉਹਨਾਂ ਲੋਕਾਂ ਨੂੰ ਪ੍ਰਮੇਸ਼ਵਰ ਦਾ ਵਚਨ ਦੱਸਿਆ ਜਿਹੜੇ ਭੈਭੀਤ ਸਨ। ਇਹ ਉਹ ਸਮਾਂ ਸੀ ਜਦੋਂ ਇਸਰਾਏਲੀਆਂ ਨੇ ਇਹ ਮੰਨ ਲਿਆ ਸੀ ਕਿ ਪ੍ਰਮੇਸ਼ਵਰ ਨੇ ਉਹਨਾਂ ਨੂੰ ਛੱਡ ਦਿੱਤਾ ਹੈ। ਉਹ ਇਹ ਸੋਚ ਕੇ ਕੰਬ ਰਹੇ ਸਨ ਕਿ ਉਹਨਾਂ ਦੇ ਦੁਸ਼ਮਣ ਉਨਾਂ ਨਾਲ ਕੀ ਕਰਨਗੇ, ਪਰੰਤੂ ਯਸਾਯਾਹ ਨੇ ਉਹਨਾਂ ਨੂੰ ਤਸੱਲੀ ਦਿੱਤੀ।

"...ਤੁਸੀਂ ਕੀ ਹੋ, ਕਿ ਤੁਸੀਂ ਨਾਸ਼ਵਾਨ ਮਨੁੱਖ ਤੋਂ ਡਰੋ, ਅਤੇ ਮਨੁੱਖ ਦੀ ਸੰਤਾਨ ਤੋਂ ਜਿਹੜੀ ਘਾਹ ਸਮਾਨ ਹੈ; ਅਰ ਤੁਹਾਡੇ ਬਣਾਉਣ ਵਾਲੇ ਪ੍ਰਭੂ ਨੂੰ ਭੁੱਲ ਜਾਓ, ਜਿਸਨੇ ਅਕਾਸ਼ ਨੂੰ ਤਾਣਿਆਂ ਅਤੇ ਧਰਤੀ ਦੀ ਨੀਂਹ ਰੱਖੀ; ਅਤੇ ਹਰ ਰੋਜ਼ ਦਬਾਉਣ ਵਾਲੇ ਦੁਸ਼ਮਣ ਦੇ ਕੋਪ ਤੋਂ ਡਰਦੇ ਹੋ ਕਿ ਜਿਵੇਂ ਉਹ


## ਬੁਲਾਵੇ ਦੀ ਗੂੰਜ ਮਹੀਨੇਵਾਰ ਮੈਗਜ਼ੀਨ ਮੁਫ਼ਤ ਪ੍ਰਾਪਤ ਕਰਨ ਦਾ ਸੁਨਹਿਰੀ ਮੌਕਾ

ਜੇਕਰ ਤੁਸੀਂ ਆਪਣੇ ਮਿੱਤਰਾਂ/ ਰਿਸ਼ਤੇਦਾਰਾਂ ਦਾ ਪਤਾ ਸਾਨੂੰ ਡਾਕ, ਪੱਤਰ, ਈ-ਮੇਲ, ਵੱਟਸਐਪ ਜਾਂ ਫ਼ੋਨ ਰਾਹੀਂ ਭੇਜੋ ਤਾਂ ਬੁਲਾਵੇ ਦੀ ਗੂੰਜ ਮੈਗਜ਼ੀਨ ਹਰ ਮਹੀਨੇ ਉਨ੍ਹਾਂ ਨੂੰ ਮੁਫ਼ਤ ਭੇਜਾਂਗੇ।

– ਸੰਪਾਦਕ

## ਆਮਦਨ ਕਰ ਵਿੱਚ ਛੋਟ ਵਾਲੇ ਦਾਨ

ਕਿਸੇ ਵਿਅਕਤੀ ਜਾਂ ਸੰਸਥਾ ਦੁਆਰਾ Echo of His Call Educational Trust ਨੂੰ ਭੇਜੇ ਗਏ ਦਾਨ ਧਾਰਾ 80G ਦੇ ਅੰਤਰਗਤ ਆਮਦਨ ਕਰ ਵਿੱਚ ਛੋਟ ਦੇ ਹੱਕਦਾਰ ਹਨ। ਇਸ ਵਾਸਤੇ ਦਫਤਰੀ ਰਸੀਦ ਵੀ ਦਿੱਤੀ ਜਾਵੇਗੀ। ਕਿਰਪਾ ਕਰਕੇ ਆਪਣੇ ਦਾਨ ਚੈਕ, ਡਿਮਾਂਡ ਡਰਾਫਟ ਜਾਂ ਮਨੀ ਆਡਰ ਦੁਆਰਾ Echo of His Call Educational Trust ਦੇ ਪਤੇ ਤੇ ਭੇਜੋ। ਤੁਸੀਂ ਆਪਣੇ ਦਾਨ ਹੇਠਲੇ ਬੈਂਕ ਖਾਤੇ ਵਿੱਚ ਵੀ ਭੇਜ ਸਕਦੇ ਹੋ:

| | | |
|---|---|---|
| Account Name | : | ECHO OF HIS CALL EDUCATIONAL TRUST |
| Account Number | : | 1023 2923 805 |
| Bank Name | : | STATE BANK OF INDIA |
| Branch | : | TRIPLICANE, CHENNAI - 600 005 |
| IFSC Code | : | SBIN 0000249 |
| SWIFT Code | : | SBI NIN BB 455 |



# ਟੋਏ ਤੋਂ ਮਹੱਲ ਤੱਕ

## PIT TO PALACE

(ਪਾਦਰੀ ਐਸ. ਸੈਮ ਸੇਲਵਾ ਰਾਜ ਦੀ ਜਿੰਦਗੀ ਦੇ ਅਨੁਭਵ)

**"ਜਿਹੜਾ ਪੜ੍ਹੇ, ਉਹ ਸਮਝੇ"** (ਮੱਤੀ ੨੪:੧੫)

## ਲੰਬੀ ਦਾੜ੍ਹੀ ਵਾਲਾ ਸੁੰਦਰ ਆਦਮੀ!

"ਸੋ ਯਹੋਵਾਹ ਦੇ ਦੂਤ ਨੇ ਉਹ ਨੂੰ ਦਰਸ਼ਨ ਦਿੱਤਾ ਅਤੇ ਉਹ ਨੂੰ ਆਖਿਆ, ਹੇ ਤਕੜੇ ਸੂਰਬੀਰ ਯਹੋਵਾਹ ਤੇਰੇ ਨਾਲ ਹੈ!" — ਨਿਆਈਆਂ 6:12

**HANDSOME MAN WITH LONG BEARD!**

ਮੈਂ ਚੇਨੰਈ (ਮਦਰਾਸ) ਵਿਖੇ ਆਪਣੇ ਕਿਰਾਏ ਦੇ ਮਕਾਨ, ਜੋ ਕਿ ਅਕਬਰ ਸਾਹਿਬ ਨਾਂ ਦੀ ਗਲੀ ਵਿੱਚ ਸਥਿਤ ਸੀ, ਦੀ ਜ਼ਿਆਦਾਤਰ ਜਗ੍ਹਾ ਸਾਡੇ ਪਹਿਲੇ ਚਰਚ ਦੀ ਵਰਤੋਂ ਲਈ ਅਲਾਟ ਕੀਤੀ। ਸਾਡੇ ਸਾਰੇ ਗੁਆਂਢੀ ਮੁਸਲਮਾਨ ਭਰਾ ਸਨ ਜਿਨ੍ਹਾਂ ਨੂੰ ਪ੍ਰਭੂ ਯਿਸੂ ਮਸੀਹ ਦਾ ਸੁਸਮਾਚਾਰ ਪਸੰਦ ਨਹੀਂ ਸੀ। ਪਰ ਪ੍ਰਮੇਸ਼ਵਰ ਨੇ ਮੈਨੂੰ ਉਸ ਖੇਤਰ ਵਿੱਚ ਹੀ ਸੇਵਕਾਈ ਕੰਮ ਕਰਨ ਲਈ ਪ੍ਰੇਰਿਤ ਕੀਤਾ!

ਪਾਸਬਾਨੀ ਅਤੇ ਸੁਸਮਾਚਾਰ ਦੀਆਂ ਗਤੀਵਿਧੀਆਂ ਦੇ ਨਾਲ-ਨਾਲ ਮੈਂ ਹਰ ਐਤਵਾਰ ਨੂੰ ਸਵੇਰੇ 9.00 ਵਜੇ ਚਰਚ ਦੀ ਸੇਵਕਾਈ ਵੀ ਸ਼ੁਰੂ ਕਰ ਦਿੱਤੀ। ਮੈਂ ਆਪਣੇ ਸੰਗੀਤ ਸਾਜ਼ ਐਕੋਰਡਿਅਨ ਦੀ ਵਰਤੋਂ ਕਰਕੇ ਪ੍ਰਭੂ ਲਈ ਇਸ ਢੰਗ ਨਾਲ ਭਜਨ ਗਾਉਂਦਾ ਹੁੰਦਾ ਸੀ, ਜਿਵੇਂ ਮੇਰੇ ਸਾਹਮਣੇ ਇੱਕ ਬਹੁਤ ਵੱਡੀ ਭੀੜ ਹੋਵੇ। ਇਲਾਕੇ ਦੇ ਲੋਕਾਂ ਦੇ ਨਾਲ-ਨਾਲ ਆਮ ਲੋਕ ਵੀ ਇਸ ਅਵਾਜ਼ ਤੋਂ ਬਹੁਤੇ ਖੁਸ਼ ਨਹੀਂ ਸਨ। ਇਸ ਲਈ ਪਹਿਲੇ ਕੁਝ ਸਾਲਾਂ ਤੱਕ ਬਹੁਤ ਘੱਟ ਲੋਕ ਆਏ।

ਸਾਲ 1984 ਦੇ ਦੌਰਾਨ ਇੱਕ ਐਤਵਾਰ ਦੀ ਸਵੇਰ ਨੂੰ ਮੈਂ ਚਰਚ ਮੀਟਿੰਗ ਲਈ ਤਿਆਰੀ ਕੀਤੀ ਅਤੇ ਮੀਟਿੰਗ ਸ਼ੁਰੂ ਕਰਨ ਲਈ ਸਾਰੇ ਪ੍ਰਬੰਧ ਕੀਤੇ। ਮੈਂ ਬਹੁਤ ਉਤਸੁਕਤਾ ਨਾਲ ਪ੍ਰਾਰਥਨਾ ਕੀਤੀ ਅਤੇ ਪ੍ਰਭੂ ਦੀ ਉਡੀਕ ਕੀਤੀ ਕਿ ਘੱਟੋ ਘੱਟ ਕੁਝ ਲੋਕਾਂ ਨੂੰ ਬੰਦਗੀ ਵਿੱਚ ਲਿਆਵੇ। ਪਰੰਤੂ ਉਸ ਦਿਨ ਜਦੋਂ ਕੋਈ ਨਹੀਂ ਆਇਆ ਸੀ, ਮੈਂ ਆਪਣੀ ਆਤਮਾ ਵਿੱਚ ਉਦਾਸ ਮਹਿਸੂਸ ਕੀਤਾ ਅਤੇ ਸਰੀਰਕ ਤੌਰ 'ਤੇ ਥੱਕ ਗਿਆ। ਇਸ ਲਈ ਮੈਂ ਆਪਣੇ ਘਰ ਦੇ ਦੂਜੇ ਕਮਰੇ ਵਿੱਚ ਗਿਆ ਅਤੇ ਟੁੱਟੇ ਦਿਲ ਨਾਲ ਲੇਟ ਗਿਆ।

ਉਸ ਸਮੇਂ, ਮੈਨੂੰ ਇੱਕ ਦਰਸ਼ਨ ਹੋਇਆ। ਲੰਬੀ ਦਾੜ੍ਹੀ ਵਾਲਾ ਇੱਕ ਬਜ਼ੁਰਗ ਅਤੇ ਸੁੰਦਰ ਆਦਮੀ ਮੁੱਖ ਦਰਵਾਜ਼ੇ ਰਾਹੀਂ ਚਰਚ ਦੇ ਹਾਲ ਦੇ ਅੰਦਰ ਦਾਖਲ ਹੋਇਆ। ਬਹੁਤ ਸਾਰੇ ਲੋਕ ਉਸਦੇ ਪਿੱਛੇ ਸਨ, ਪਰ ਉਨ੍ਹਾਂ ਦੇ ਚਿਹਰੇ ਸਾਫ਼ ਨਜ਼ਰ ਨਹੀਂ ਆ ਰਹੇ ਸਨ। ਉਸ ਨੇ ਲੋਕਾਂ ਨਾਲ ਮਿਲ ਕੇ ਬਿਜਲੀ ਦੀਆਂ ਲਾਈਟਾਂ ਅਤੇ ਪੱਖਿਆਂ ਨੂੰ ਚਾਲੂ ਕੀਤਾ ਅਤੇ ਗੋਡੇ ਟੇਕ ਕੇ ਜੀਵਤ ਪ੍ਰਮੇਸ਼ਵਰ ਦੀ ਅਰਾਧਨਾ ਕਰਨੀ ਸ਼ੁਰੂ ਕਰ ਦਿੱਤੀ। ਕਿਉਂਕਿ ਆਵਾਜ਼ ਬਹੁਤ ਤੇਜ਼ ਸੀ, ਮੈਂ ਲੇਟ ਨਹੀਂ ਪਾ ਰਿਹਾ ਸੀ ਇਸ ਲਈ ਜਦੋਂ ਮੈਂ ਉੱਠਿਆ ਤਾਂ ਬਹੁਤ ਡਰ ਅਤੇ ਸ਼ਰਧਾ ਨਾਲ ਕਮਰੇ ਵਿੱਚ ਦਾਖਲ ਹੋਇਆ। ਪਰ ਉੱਥੇ ਕੋਈ ਨਹੀਂ ਸੀ। ਉਹ ਆਦਮੀ ਅਤੇ ਕਮਰੇ ਵਿੱਚ ਮੌਜੂਦ ਲੋਕ ਅਚਾਨਕ ਗਾਇਬ ਹੋ ਗਏ ਸਨ।

ਕੁਝ ਮਿੰਟਾਂ ਬਾਅਦ, ਇੱਕ ਰੱਬ ਦਾ ਸੇਵਕ, ਜਿਸਦਾ ਨਾਮ ਰੇਵ. ਡਾ. ਬੇਵਿਨ ਲਾਰੈਂਸ ਅਤੇ ਉਸਦੀ ਪਤਨੀ ਸ਼੍ਰੀਮਤੀ ਸੇਰੇਨਾ ਬੇਵਿਨ, ਨਵੇਂ ਜਨਮੇ ਬੱਚੇ ਦੇ ਨਾਲ ਚਰਚ ਵਿੱਚ ਦਾਖਲ ਹੋਏ। ਉਨ੍ਹਾਂ ਨੇ ਕਿਹਾ ਕਿ ਉਨ੍ਹਾਂ ਨੂੰ ਚਰਚ ਵਿੱਚ ਆਉਣ ਲਈ ਪ੍ਰਮੇਸ਼ਵਰ ਦੀ ਆਤਮਾ ਦੁਆਰਾ ਪ੍ਰੇਰਿਤ ਕੀਤਾ ਗਿਆ ਸੀ। ਕੁਝ ਮਿੰਟਾਂ ਬਾਅਦ ਕੁਝ ਹੋਰ ਨਵੇਂ ਲੋਕ ਵੀ ਚਰਚ ਵਿੱਚ ਆ ਗਏ ਅਤੇ ਇਸ ਤੋਂ ਬਾਅਦ ਪ੍ਰਮੇਸ਼ਵਰ ਨੇ ਸਾਡੇ ਚਰਚ ਨੂੰ ਵੱਧ ਤੋਂ ਵੱਧ ਅਸੀਸ ਦੇਣੀ ਸ਼ੁਰੂ ਕਰ ਦਿੱਤੀ।

ਸਾਡਾ ਪ੍ਰਮੇਸ਼ਵਰ ਹਮੇਸ਼ਾ ਭਲਾ ਹੈ। ਉਹ ਕਿਸੇ ਦੇ ਜੀਵਨ ਵਿੱਚ ਵੀ ਕਿਸੇ ਵੀ ਸਮੇਂ ਚਮਤਕਾਰ ਕਰ ਸਕਦਾ ਹੈ। ਤੁਸੀਂ ਵੀ ਅੱਜ ਆਪਣੇ ਜੀਵਨ ਵਿੱਚ ਅਲੌਕਿਕ ਦਖਲ ਲਈ ਉਸ ਉੱਤੇ ਭਰੋਸਾ ਕਰ ਸਕਦੇ ਹੋ।

---

ਤੁਹਾਨੂੰ ਨਾਸ ਕਰ ਦੇਵੇਗਾ, ਕਿੱਥੇ ਹੈ ਦੁਸ਼ਮਣ ਦਾ ਕੋਪ? (ਯਸਾਯਾਹ 51:12-13)।

ਪ੍ਰਮੇਸ਼ਵਰ ਨਬੀ ਦੇ ਰਾਹੀਂ ਬੋਲਿਆ, "ਤੁਹਾਡੇ ਭੈ ਦਾ ਕਾਰਨ ਹੈ ਕਿ ਤੁਸੀਂ ਭੁੱਲ ਗਏ ਹੋ ਕਿ ਮੈਂ ਕੌਣ ਹਾਂ। ਤੁਸੀਂ ਮੇਰੀ ਸਮਰੱਥ ਅਰ ਛੁਡਾਉਣ ਦੀ ਤਾਕਤ ਦੀ ਜਗ੍ਹਾ ਕੇਵਲ ਆਪਣੀਆਂ ਮੁਸ਼ਕਲਾਂ ਨੂੰ ਹੀ ਵੇਖ ਰਹੇ ਹੋ। ਤੁਸੀਂ ਭੁੱਲ ਗਏ ਹੋ ਕਿ ਮੇਰਾ ਹੱਥ ਹਾਲੇ ਵੀ ਤੁਹਾਡੇ ਜੀਵਨ ਵਿੱਚ ਹੈ!"

ਤੁਸੀਂ ਸ਼ਾਇਦ ਤੁਹਾਡੇ ਜੀਵਨ ਵਿੱਚ ਪ੍ਰਮੇਸ਼ਵਰ ਦੇ ਕੀਤੇ ਚਮਤਕਾਰਾਂ ਨੂੰ ਚੇਤੇ ਨਹੀਂ ਕਰ ਪਾ ਰਹੇ। ਤੁਸੀਂ ਸੋਚਦੇ ਹੋ, "ਮੇਰਾ ਜੀਵਨ ਤਾਂ ਇੱਕ ਲੰਬਾ, ਭਿਆਨਕ ਸੁਪਨਾ ਬਣ ਕੇ ਰਹਿ ਗਈ ਹੈ। ਮੇਰੇ ਕੋਲ ਅਨੰਦਤ ਹੋਣ ਲਈ ਕੁੱਝ ਨਹੀਂ ਹੈ। ਮੈਂ ਕਿਵੇਂ ਚੇਤੇ ਕਰਾਂ ਜਦੋਂ ਮੈਂ ਕਦੇ ਪ੍ਰਮੇਸ਼ਵਰ ਦੇ ਚਮਤਕਾਰ ਦਾ ਅਨੁਭਵ ਹੀ ਨਹੀਂ ਕੀਤਾ?"

ਇਸ ਗੱਲ ਨੂੰ ਸਮਝ ਲਓ ਕਿ ਸਾਡੇ ਅਨੁਭਵ ਸਾਡੇ ਵਿਸ਼ਵਾਸ ਨੂੰ ਮਜਬੂਤ ਕਰਦੇ ਹਨ। ਲੇਕਿਨ ਉਹ ਸਾਡੇ ਵਿਸ਼ਵਾਸ ਦੀ ਬੁਨਿਆਦ ਨਹੀਂ ਹੋਣੇ ਚਾਹੀਦੇ। ਇਸੇ ਲਈ ਪ੍ਰਮੇਸ਼ਵਰ ਦਾ ਕਲਾਮ ਸਦਾ ਸਾਨੂੰ ਦੱਸਦਾ ਹੈ ਕਿ ਯਿਸੂ ਨੇ ਕੀ ਕੀਤਾ ਹੈ। ਅਸੀਂ ਸਲੀਬ ਉੱਪਰ ਉਸਦੀ ਸਾਡੀ ਖਾਤਰ ਜਿੱਤੀ ਹੋਈ ਜਿੱਤ ਨੂੰ ਚੇਤੇ ਰੱਖਣਾ ਹੈ ਅਤੇ ਵਿਸ਼ਵਾਸ ਨਾਲ ਉਸਨੂੰ ਫੜੀ ਰੱਖਣਾ ਹੈ। ਕੇਵਲ ਓਹੀ ਆਪਣੇ ਆਤਮਾ ਦੁਆਰਾ ਸਾਨੂੰ ਜੇਤੂ ਬਣਾਉਂਦਾ ਹੈ।

**ਯਿਸੂ ਨੇ ਆਖਿਆ, "ਮੈਂ ਵਾਪਸ ਪਿਤਾ ਕੋਲ ਜਾਂਦਾ ਹਾਂ ਪਰੰਤੂ ਮੈਂ ਤੁਹਾਨੂੰ ਅਨਾਥ ਨਹੀਂ ਛੱਡਾਂਗਾ"।**

ਮਸੀਹ ਨੇ ਆਪਣੇ ਚੇਲਿਆਂ ਨੂੰ ਕਿਹਾ, "ਹੁਣ ਮੈਂ ਵਾਪਸ ਉਸ ਕੋਲ ਜਾਂਦਾ ਹਾਂ ਜਿਸਨੇ ਮੈਨੂੰ ਭੇਜਿਆ ਹੈ... ਮੈਂ ਤੁਹਾਨੂੰ ਅਸਹਾਇ ਨਹੀਂ ਛੱਡਾਂਗਾ..." (ਯੂਹੰਨਾ 16:5, 14:18)। ਅਸਹਾਇ ਦਾ ਯੂਨਾਨੀ ਸ਼ਬਦ ਹੈ "ਅਨਾਥ" ਭਾਵ ਸ਼ੋਕਿਤ ਅਰ ਜਿਨ੍ਹਾਂ ਦਾ ਪਿਤਾ ਨਾ ਹੋਵੇ।

ਕਈ ਵਾਰ ਚੇਲਿਆਂ ਵਾਂਗ ਤੁਸੀਂ ਵੀ ਸੋਚਦੇ ਹੋਵੋਗੇ ਕਿ ਤੁਸੀਂ ਇਕੱਲੇ ਹੋ, ਅਤੇ ਪ੍ਰਮੇਸ਼ਵਰ ਤੁਹਾਡੇ ਲਈ ਕੁੱਝ ਨਹੀਂ ਕਰ

ਰਿਹਾ। ਤੁਹਾਨੂੰ ਉਸਦੀ ਦੇਖਭਾਲ ਦਾ ਕੋਈ ਸਬੂਤ ਨਹੀਂ ਮਿਲ ਰਿਹਾ। ਅਤੇ ਸ਼ੈਤਾਨ ਤੁਹਾਨੂੰ ਝੂਠ ਆਖੇਗਾ ਕਿ ਪ੍ਰਮੇਸ਼ਵਰ ਦੇ ਆਤਮਾ ਨੇ ਤੁਹਾਨੂੰ ਛੱਡ ਦਿੱਤਾ ਹੈ।

ਪਰੰਤੂ ਇੱਕ ਅਦਭੁੱਤ ਚਮਤਕਾਰ ਹੈ ਜਿਸਨੂੰ ਤੁਸੀਂ ਭੁਲਾ ਨਹੀਂ ਸਕਦੇ। ਇਹ ਯਿਸੂ ਦਾ ਆਪਣੇ ਲੋਕਾਂ ਲਈ ਇੱਕ ਵਾਅਦਾ ਹੈ, "ਮੈਂ ਤੈਨੂੰ ਅਨਾਥ ਨਹੀਂ ਛੱਡਾਂਗਾ, ਮੈਂ ਤੇਰੇ ਲਈ ਕੀਮਤ ਚੁਕਾਈ ਹੈ ਅਤੇ ਤੂੰ ਮੇਰਾ ਹੈਂ!"

ਹਲਾਤ ਭਾਵੇਂ ਕਿਵੇਂ ਦੇ ਵੀ ਹੋਣ ਪਰੰਤੂ ਪ੍ਰਮੇਸ਼ਵਰ ਤੁਹਾਡੇ ਵਿਚਾਰ ਨੂੰ ਵੀ ਕਦੇ ਨਹੀਂ ਤਿਆਗਦਾ ਅਤੇ ਨਾ ਹੀ ਤਿਆਗੇਗਾ। ਉਸਦੇ ਅਨੰਤਕਾਲ ਦੇ ਅਟੁੱਟ ਵਾਅਦੇ ਨੂੰ ਸੁਣੋ:

"ਸਿਯੋਨ ਨੇ ਆਖਿਆ, ਪ੍ਰਮੇਸ਼ਵਰ ਨੇ ਮੈਨੂੰ ਤਿਆਗ ਦਿੱਤਾ ਅਤੇ ਮੇਰਾ ਪ੍ਰਭੂ ਮੈਨੂੰ ਭੁੱਲ ਗਿਆ। ਕੀ ਇੱਕ ਮਾਂ ਆਪਣੇ ਦੁੱਧ ਪੀਣ ਵਾਲੇ ਬੱਚੇ ਨੂੰ ਭੁੱਲ ਸਕਦੀ ਹੈ ਕਿ ਉਹ ਆਪਣੇ ਗਰਭ ਦੇ ਪੁੱਤਰ ਉੱਤੇ ਦਯਾ ਨਾ ਕਰੇ? ਹਾਂ, ਉਹ ਭੁੱਲ ਸਕਦੀ ਹੈ ਪਰੰਤੂ ਮੈਂ ਤੁਹਾਨੂੰ ਨਹੀਂ ਭੁੱਲਾਂਗਾ। ਵੇਖੋ ਮੈਂ ਤੁਹਾਡੀ ਸੂਰਤ ਆਪਣੀ ਹਥੇਲੀ ਉੱਤੇ ਉੱਕਰੀ ਹੋਈ ਹੈ; ਤੇਰੀਆਂ ਕੰਧਾਂ ਸਦਾ ਮੇਰੇ ਸਾਹਮਣੇ ਹਨ" (ਯਸਾਯਾਹ 49:14-16)।

ਇਹ ਸਤਰਾਂ ਸਾਨੂੰ ਦੱਸਦੀਆਂ ਹਨ, "ਤੁਹਾਡੀ ਸੁਰੱਖਿਆ ਦੀ ਲੋੜ ਹਮੇਸ਼ਾ ਮੇਰੀਆਂ ਅੱਖਾਂ ਮੂਹਰੇ ਹੈ। ਅਜਿਹਾ ਕੋਈ ਸਮਾਂ ਨਹੀਂ ਜਦ ਮੈਂ ਆਪਣੀ ਸੁਰੱਖਿਆ ਦੀ ਕੰਧ ਤੁਹਾਡੇ ਗਿਰਦ ਨਾ ਲਗਾਈ ਹੋਵੇ। ਮੇਰੀ ਸੁਰੱਖਿਆ ਦਾ ਵਾੜਾ ਸਦਾ ਲੱਗਾ ਹੋਇਆ ਹੈ।

ਮੈਂ ਪਾਸਟਰਾਂ ਦੀਆਂ ਪਤਨੀਆਂ ਸਮੇਤ, ਕੁੱਝ ਮਾਵਾਂ ਨੂੰ ਜਾਣਦਾ ਹਾਂ ਜਿਨ੍ਹਾਂ ਨੇ ਆਪਣੇ ਬੱਚਿਆ ਨੂੰ ਛੱਡ ਦਿੱਤਾ ਹੈ। ਕੁੱਝ ਹਫ਼ਤੇ ਪਹਿਲੇ ਇੱਕ ਪਾਸਟਰ ਨੇ ਸਾਨੂੰ ਲਿਖਿਆ: "ਮੈਂ ਪੱਚੀ ਸਾਲ ਤੋਂ ਸ਼ਾਦੀਸ਼ੁਦਾ ਹਾਂ ਪਰੰਤੂ ਕੁੱਝ ਦਿਨ ਪਹਿਲਾਂ ਮੇਰੀ ਪਤਨੀ ਨੇ ਮੈਨੂੰ ਇੱਕ ਆਦਮੀ ਕਰਕੇ ਛੱਡ ਦਿੱਤਾ, ਜਿਸਨੂੰ ਉਹ ਇੰਟਰਨੈੱਟ ਰਾਹੀਂ ਮਿਲੀ ਸੀ । ਉਹ ਮੇਰੇ ਬੱਚਿਆਂ ਨੂੰ ਅਰ ਮੈਨੂੰ ਛੱਡ ਕੇ ਚਲੀ ਗਈ। ਮੈਂ ਹਾਲੇ ਵੀ ਉਸਨੂੰ ਪਿਆਰ ਕਰਦਾ ਹਾਂ ਅਰ ਚਾਹੁੰਦਾ ਹਾਂ ਕਿ ਉਹ ਵਾਪਸ ਆ ਜਾਵੇ ਪਰ ਉਹ ਨਹੀਂ ਚਾਹੁੰਦੀ। ਮੈਂ ਬਹੁਤ ਬੁਰੀ ਤਰਾਂ ਸਦਮੇ ਵਿੱਚ ਹਾਂ, ਮੈਂ ਸੌਂ ਵੀ ਨਹੀਂ ਪਾ ਰਿਹਾ। ਮੈਨੂੰ ਸਮਝ ਨਹੀਂ ਆ ਰਹੀ ਕਿ ਮੈਂ ਕੀ ਕਰਾਂ"।

ਪ੍ਰਮੇਸ਼ਵਰ ਇਸ ਭਰਾ ਨੂੰ ਉੱਤਰ ਦਿੰਦਾ ਹੈ, "ਭਾਵੇਂ ਤੇਰੀ ਪਿਆਰੀ ਪਤਨੀ ਤੈਨੂੰ ਛੱਡ ਦੇਵੇ ਪਰ ਮੈਂ ਨਹੀਂ ਛੱਡਾਂਗਾ। ਤੇਰੇ ਦੁਆਲੇ ਮੇਰੀ ਕੰਧ ਸਦਾ ਖੜੀ ਰਹੇਗੀ"।

ਸਾਡੀ ਸੇਵਕਾਈ ਵਿੱਚ ਕਈ ਅਜਿਹੀਆਂ ਔਰਤਾਂ ਦੀਆਂ ਚਿੱਠੀਆਂ ਸਾਨੂੰ ਮਿਲਦੀਆਂ ਹਨ ਜਿਹੜੀਆਂ ਕਈ ਦਹਾਕਿਆਂ ਤੋਂ ਨਸ਼ੇੜੀ ਪਤੀਆਂ ਨਾਲ ਰਹਿ ਰਹੀਆਂ ਹਨ। ਉਹਨਾਂ ਦੀ ਦੁੱਖਦਾਈ ਹਾਲਤ ਨੂੰ ਵੇਖਕੇ ਮੈਂ ਪੁੱਛਦਾ ਹਾਂ, "ਪ੍ਰਭੂ, ਇਹਨਾਂ ਵਿਸ਼ਵਾਸਯੋਗ ਔਰਤਾਂ ਨੂੰ ਇੰਨਾਂ ਸਮਾਂ ਕਿਉਂ ਇਸ ਹਾਲ ਵਿੱਚ ਰਹਿਣਾ ਪੈ ਰਿਹਾ ਹੈ ਅਰ ਹਾਲਾਤ ਬਦਲਣ ਦੀ ਵੀ ਕੋਈ ਉਮੀਦ ਨਹੀਂ"। ਮੈਨੂੰ ਸਮਝ ਨਹੀਂ ਆਉਂਦੀ ਕਿ ਕਿਉਂ ਮੇਰੀ ਪਤਨੀ ਨੂੰ ਇੰਨੀ ਸਰੀਰਕ ਪੀੜਾ ਵਿੱਚੋਂ ਹੋ ਕੇ ਜਾਣਾ ਪਿਆ। ਉਸਦੇ ਅਠਾਈ ਆਪ੍ਰੇਸ਼ਨ ਹੋ ਚੁੱਕੇ ਹਨ, ਉਹਨਾਂ ਵਿੱਚੋਂ ਛੇ ਕੈਂਸਰ ਦੇ ਸਨ- ਚਾਲੀ ਸਾਲ ਤੋਂ ਵੀ ਵੱਧ ਸਮੇਂ ਦੀ ਤਕਲੀਫ। ਕੋਈ ਵੀ ਸੇਵਕ ਅਰ ਧਰਮ ਵਿਗਿਆਨੀ ਮੈਨੂੰ ਦੱਸ ਨਹੀਂ ਸਕਿਆ ਕਿ ਕਿਉਂ ਉਹ ਇਸ ਤਰਾਂ ਪੀੜਾਂ ਵਿੱਚੋਂ ਹੋ ਕੇ ਲੰਘਦੀ ਹੈ"।

ਫਿਰ ਵੀ ਇਸਦਾ ਕੋਈ ਮਹੱਤਵ ਨਹੀਂ ਕਿ ਸਾਨੂੰ ਕਿਸ ਤਰਾਂ ਦੀ ਅਰ ਕਿੰਨੀ ਦੇਰ ਤੱਕ ਸਹਿਣਾ ਪਵੇਗਾ। ਸਭਤੋਂ ਉੱਪਰ ਇੱਕ ਸੱਚਾਈ ਹੈ:

**ਪ੍ਰਮੇਸ਼ਵਰ ਦੀ ਕਿਰਪਾ ਇਸ ਸਭ ਵਿੱਚ ਸਾਨੂੰ ਸੰਭਾਲਣ ਲਈ ਕਾਫ਼ੀ ਹੈ।**

ਪੌਲੁਸ ਰਸੂਲ ਪ੍ਰਮੇਸ਼ਵਰ ਅੱਗੇ ਪੁਕਾਰਦਾ ਹੈ, "ਪ੍ਰਭੂ ਮੇਰੇ ਸਰੀਰ ਵਿੱਚ ਚੁਭੇ ਇਸ ਕੰਡੇ ਤੋਂ ਮੈਨੂੰ ਛੁਡਾ" ਪਰੰਤੂ ਪ੍ਰਮੇਸ਼ਵਰ ਉੱਤਰ ਦਿੰਦਾ ਹੈ, "ਮੇਰੀ ਕਿਰਪਾ ਤੇਰੇ ਲਈ ਬਥੇਰੀ ਹੈ..." (2 ਕੁਰਿੰਥੀਆਂ ਨੂੰ 12:9)। ਪ੍ਰਮੇਸ਼ਵਰ ਨੇ ਆਪਣੇ ਸੇਵਕ ਨੂੰ ਆਖਿਆ, "ਪੌਲੁਸ ਤੂੰ ਇਸ ਕੰਡੇ ਦੇ ਨਾਲ ਹੀ ਜੀਵੇਂਗਾ, ਪਰੰਤੂ ਤੇਰੀ ਤਕਲੀਫ ਦੇ ਵਿਚਕਾਰ ਮੈਂ ਉਹ ਕਿਰਪਾ ਤੈਨੂੰ ਦਿਆਂਗਾ ਜਿਸਦੀ ਤੈਨੂੰ ਲੋੜ ਹੈ। ਮੇਰੇ ਕੋਲ ਤੇਰੇ ਲਈ ਸਦਾ ਦੀ ਸਫਲਤਾ ਹੈ।"

ਪ੍ਰਮੇਸ਼ਵਰ ਚਾਹੁੰਦਾ ਹੈ ਕਿ ਅਸੀਂ ਜਾਣ ਜਾਈਏ ਕਿ ਉਸਦੀ ਕਿਰਪਾ ਸਭ ਤਰਾਂ ਦੇ ਛੁਟਕਾਰੇ ਤੋਂ ਵਧੀਕ ਹੈ। ਕਿਉਂ? ਉਸਦੀਂ ਕਿਰਪਾ ਵਿੱਚ ਹੀ ਉਸਦਾ ਪੂਰਾ ਪ੍ਰਕਾਸ਼ਨ ਲੁਕਿਆ ਹੋਇਆ ਹੈ ਕਿ ਉਹ ਕੌਣ ਹੈ! ਸਰਲ ਸ਼ਬਦਾਂ ਵਿੱਚ, ਪ੍ਰਮੇਸ਼ਵਰ ਦੀ ਕਿਰਪਾ ਪ੍ਰਭੂ ਯਿਸੂ ਮਸੀਹ ਹੈ- ਪੂਰਨ ਪਵਿੱਤਰ ਫਿਰ ਵੀ ਨਿਮਰ ਅਤੇ ਦਯਾਲੂ ਹਿਰਦੇ ਵਾਲਾ।

ਸਾਡਾ ਸਵਰਗੀ ਪਿਤਾ ਸਾਡੇ ਦੁੱਖ ਨੂੰ ਹਰ ਪਲ ਵੇਖਦਾ ਹੈ ਅਰ ਇਹ ਅਦਭੁੱਤ ਵਾਅਦੇ ਸਾਨੂੰ ਦਿੰਦਾ ਹੈ:

"ਧਰਮੀ ਦੀ ਮੁਕਤੀ ਪ੍ਰਮੇਸ਼ਵਰ ਵੱਲੋਂ ਹੈ: ਸੰਕਟ ਦੇ ਵੇਲੇ ਉਹ ਉਸਦੀ ਤਾਕਤ ਹੈ (ਜ਼ਬੂਰ 37:39)।

ਉਸਨੇ ਆਖਿਆ, "ਮੈਂ ਨਾ ਤੈਨੂੰ ਕਦੇ ਤਿਆਗਾਂਗਾ ਨਾ ਹੀ ਕਦੇ ਛੱਡਾਂਗਾ"; ਤਾਂ ਕਿ ਅਸੀਂ ਦ੍ਰਿੜਤਾ ਨਾਲ ਆਖ ਸਕੀਏ, "ਯਹੋਵਾਹ ਮੇਰਾ ਮਦਦਗਾਰ ਹੈ, ਮੈਂ ਨਾ ਡਰਾਂਗਾ; ਮਨੁੱਖ ਮੇਰਾ ਕੀ ਵਿਗਾੜ ਸਕਦਾ ਹੈ" (ਇਬਰਾਨੀਆਂ ਨੂੰ 13:5-6)।

"ਨਾ ਡਰ; ਮੈਂ ਤੇਰੇ ਨਾਲ ਹਾਂ; ਨਿਰਾਸ਼ ਨਾ ਹੋ; ਕਿਉਂਕਿ ਮੈਂ ਤੇਰਾ ਪ੍ਰਮੇਸ਼ਵਰ ਹਾਂ; ਮੈਂ ਤੈਨੂੰ ਬਲ ਬਖ਼ਸ਼ਾਂਗਾ; ਹਾਂ, ਮੈਂ ਤੇਰੀ ਸਹਾਇਤਾ ਕਰਾਂਗਾ; ਹਾਂ, ਮੈਂ ਆਪਣੇ ਧਰਮੀ ਸੱਜੇ ਹੱਥ ਨਾਲ ਤੈਨੂੰ ਸੰਭਾਲਾਂਗਾ।

"ਵੇਖੋ, ਤੁਹਾਡੇ ਵਿਰੁੱਧ ਖਲੋਣ ਵਾਲੇ ਸਭ ਸ਼ਰਮਿੰਦੇ ਹੋਣਗੇ ਅਰ ਉਲਝ ਜਾਣਗੇ; ਉਹ ਖਾਕ ਹੋ ਜਾਣਗੇ ਅਤੇ ਤੁਹਾਡੇ ਨਾਲ ਝਗੜਨ ਵਾਲੇ ਨਾਸ਼ ਹੋ ਜਾਣਗੇ। ਤੂੰ ਉਹਨਾਂ ਨੂੰ ਢੂੰਡੇਗਾਂ ਪਰ ਨਾ ਪਾਏਂਗਾ; ਉਹ ਵੀ ਜਿਹੜੇ ਤੁਹਾਡਾ ਵਿਰੋਧ ਕਰਨਗੇ; ਜਿਹੜੇ ਤੁਹਾਡੇ ਵਿਰੁੱਧ ਯੁੱਧ ਛੇੜਨਗੇ ਧੂਲ ਹੋ ਜਾਣਗੇ ਅਰ ਉਹਨਾਂ ਦਾ ਵਜੂਦ ਨਾ ਰਹੇਗਾ।

"ਕਿਉਂਕਿ ਮੈਂ ਯਹੋਵਾਹ ਤੇਰਾ ਪ੍ਰਮੇਸ਼ਵਰ ਤੇਰੇ ਸੱਜੇ ਹੱਥ ਨੂੰ ਫੜ੍ਹਾਂਗਾ ਅਰ ਤੈਨੂੰ ਆਖਾਂਗਾ, ਨਾ ਡਰ; ਮੈਂ ਤੇਰੀ ਸਹਾਇਤਾ ਕਰਾਂਗਾ...ਜਦੋਂ ਗਰੀਬ ਅਤੇ ਲੋੜਵੰਦ ਪਾਣੀ ਨੂੰ ਭਾਲਦਾ ਅਰ ਨਹੀਂ ਪਾਉਂਦਾ ਅਰ ਉਸਦੀ ਜੀਭ ਪਿਆਸ ਨਾਲ ਸੁੱਕਦੀ ਜਾਂਦੀ ਹੈ ਉਸ ਵੇਲੇ ਮੈਂ ਉਸਦੀ ਸੁਣਾਂਗਾ, ਮੈਂ ਇਸਰਾਏਲ ਦਾ ਪ੍ਰਮੇਸ਼ਵਰ ਉਸਨੂੰ ਨਹੀਂ ਛੱਡਾਂਗਾ" (ਯਸਾਯਾਹ 41:10, 13, 17)।

ਤੁਸੀਂ ਹਰ ਸਥਿਤੀ, ਸੰਕਟ ਅਤੇ ਤਬਾਹੀ ਵਿੱਚੋਂ ਪ੍ਰਭੂ ਯਿਸੂ ਮਸੀਹ ਦੀ ਕਿਰਪਾ ਦੁਆਰਾ ਨਿਕਲ ਸਕਦੇ ਹੋ। ਕੋਈ ਮਤਲਬ ਨਹੀਂ ਕਿ ਤੁਹਾਡੀ ਸਮੱਸਿਆ ਕਿਹੋ ਜਿਹੀ ਹੈ, ਸਾਨੂੰ ਅਰਾਮ ਦੇਣ ਲਈ ਉਸਦੀ ਕਿਰਪਾ ਅਤੇ ਪਵਿੱਤਰ ਆਤਮਾ ਸਾਡੇ ਲਈ ਲੋੜ ਤੋਂ ਵੀ ਬਥੇਰੀ ਹੈ!

ਸੋ ਆਪਣੇ ਆਪ ਨੂੰ ਪਰਮੇਸ਼ੁਰ ਦੇ ਬਲਵੰਤ ਹੱਥ ਦੇ ਹੇਠ ਨੀਵਿਆਂ ਕਰੋ ਭਈ ਉਹ ਤੁਹਾਨੂੰ ਵੇਲੇ ਸਿਰ ਉੱਚਿਆ ਕਰੇ (1 ਪਤਰਸ 5:6)।

ਸੋ ਤੁਸਾਂ ਆਪਣੀ ਦਿਲੇਰੀ ਨੂੰ ਕਿਤੇ ਗੁਆ ਨਾ ਬੈਠਣਾ ਕਿ ਉਹ ਦਾ ਵੱਡਾ ਫਲ ਹੈ (ਇਬਰਾਨੀਆਂ 10:35)।

*******

RNI NO. TNPUN/2000/1914, Postal Regn. No. TN/CH/(C)/192/21-23 WPP NO. TN/PMG(CCR)/WPP-263/21-23

# ਇਸ਼ਤਿਹਾਰ

## ਬੁਲਾਵੇ ਦੀ ਗੂੰਜ ਯੂ-ਟਿਊਬ

ਜਦੋਂ ਵੀ ਤੁਹਾਡੇ ਕੋਲ ਸਮਾਂ ਹੋਵੇ ਕਿਰਪਾ ਕਰਕੇ ਸਾਡੇ ਯੂ-ਟਿਊਬ ਚੈਨਲ ਨੂੰ ਵੇਖੋ ਅਰ ਸਬਸਕ੍ਰਾਈਬ ਕਰੋ। ਧੰਨਵਾਦ

– ਸੰਪਾਦਕ

## OUR BANK DETAILS:

### *1. Bank : State Bank of India*

Branch : **Triplicane, Chennai-5**
Name : **S. Sam Selva Raj**
A/C No. : **1023 2934 679**
IFSC : **SBIN 00 00 249**
SWIFT CODE : **SBI NIN BB 455**

### *2. Bank : ICICI Bank*

Branch : **Anna Salai, Chennai-6**
Name : **Echo of His Call**
A/C No. : **6038 0502 2319**
IFSC : **ICIC 000 6038**

### *3. Bank : State Bank of India*

(This Account is for Tax Exemption for Indians only )

Branch : **Triplicane, Chennai-5**
Name : **Echo of His Call Educational Trust**
A/C No. : **1023 2923 805**
IFSC : **SBIN 00 00 249**

**Google Pay: 98410 71858**
**PayPal : SAM SELVA RAJ**
*****
**E.mail : sam@echoofhiscall.org**

# ਬੁਲਾਵੇ ਦੀ ਗੂੰਜ

16 ਭਾਸ਼ਾਵਾਂ ਵਿੱਚ ਮਹੀਨੇਵਾਰ ਪੱਤ੍ਰਿਕਾ, ਬਾਈਬਲ ਕਾਲਜ, ਪੱਤਰ ਵਿਹਾਰ ਕੋਰਸ, ਚਰਚ ਸਥਾਪਨਾ, ਪੇਂਡੂ ਅੰਗਰੇਜ਼ੀ ਹਾਈ ਸਕੂਲ, ਗੌਸਪਲ ਪ੍ਰਿੰਟਿੰਗ ਪ੍ਰੈੱਸ, ਕਰੂਸੇਡ, ਸੈਮੀਨਾਰ, ਸਮਾਜਿਕ ਸੇਵਾਵਾਂ ਆਦਿ।

ਸਲਾਨਾ ਚੰਦਾ 100/- ਰੁ: ਜੀਵਨ ਭਰ ਲਈ ਚੰਦਾ: 2000/- ਰੁ:

ਬੁਲਾਵੇ ਦੀ ਗੂੰਜ ਸੇਵਕਾਈ ਦੀਆਂ ਬਹੁਭਾਂਤੀ ਗਤੀਵਿਧੀਆਂ ਤੁਹਾਡੇ ਵਰਗੇ ਹੀ ਪ੍ਰਮੇਸ਼ਵਰ ਦੇ ਬੱਚਿਆਂ ਦੀਆਂ ਸਵੈ-ਇੱਛਤ ਭੇਟਾਂ ਅਤੇ ਦਾਨਾਂ ਦੁਆਰਾ ਚਲਾਈਆਂ ਜਾਂਦੀਆਂ ਹਨ। ਜਿਵੇਂ ਪ੍ਰਮੇਸ਼ਵਰ ਤੁਹਾਡੀ ਅਗਵਾਈ ਕਰਦਾ ਹੈ ਤੁਸੀਂ ਬੁਲਾਵੇ ਦੀ ਗੂੰਜ ਅਤੇ ਇਸਦੀਆਂ ਸੇਵਕਾਈਆਂ ਦੀ ਸਹਾਇਤਾ ਕਰ ਸਕਦੇ ਹੋ। ਖੁਸ਼ਖਬਰੀ ਨੂੰ ਅਪਹੁੰਚ ਇਲਾਕਿਆਂ ਤੱਕ ਪੁਚਾਉਣ ਅਤੇ ਕਲੀਸੀਆਵਾਂ ਦੀ ਸਥਾਪਨਾ ਕਰਨ ਲਈ ਸਾਨੂੰ ਤੁਹਾਡੀ ਸਹਾਇਤਾ ਦੀ ਲੋੜ ਹੈ।

ਜੇਕਰ ਤੁਸੀਂ ਲਗਾਤਾਰ ਬੁਲਾਵੇ ਦੀ ਗੂੰਜ ਪੱਤ੍ਰਿਕਾ ਪ੍ਰਾਪਤ ਕਰਨਾ ਚਾਹੁੰਦੇ ਹੋ ਤਾਂ ਕਿਰਪਾ ਕਰਕੇ ਸਾਨੂੰ ਲਿਖੋ। ਜਦੋਂ ਕਦੇ ਵੀ ਤੁਸੀਂ ਆਪਣਾ ਡਾਕ ਪਤਾ ਜਾਂ ਈਮੇਲ ਪਤਾ ਬਦਲੋ ਤਾਂ ਕਿਰਪਾ ਕਰਕੇ ਸਾਨੂੰ ਆਪਣੇ ਪੁਰਾਣੇ ਅਤੇ ਨਵੇਂ ਪਤੇ ਦੀ ਜਾਣਕਾਰੀ ਜ਼ਰੂਰ ਦਿਓ।

16 ਭਾਸ਼ਾਵਾਂ ਵਿੱਚ ਬੁਲਾਵੇ ਦੀ ਗੂੰਜ ਸਾਡੀ ਵੈੱਬਸਾਈਟ ਤੇ ਵੀ ਉਪਲੱਬਧ ਹੈ। ਤੁਸੀਂ ਇਸਨੂੰ ਵੈੱਬਸਾਈਟ ਤੇ ਜਾ ਕੇ ਵੀ ਪੜ੍ਹ ਸਕਦੇ ਹੋ ਅਤੇ ਇਸਨੂੰ ਡਾਊਨਲੋਡ ਕਰਕੇ ਵੀ ਬਰਕਤ ਪਾ ਸਕਦੇ ਹੋ।

ਬੁਲਾਵੇ ਦੀ ਗੂੰਜ ਲਈ ਤੁਹਾਡੀਆਂ ਚਿੱਠੀਆਂ, ਪ੍ਰਾਰਥਨਾ ਬੇਨਤੀਆਂ ਅਤੇ ਆਰਥਿਕ ਸਹਾਇਤਾ ਡਿਮਾਂਡ ਡ੍ਰਾਫਟ, ਚੈੱਕ, ਮਨੀ ਆਡਰ, **NEFT, PayPal (Sam Selva Raj, sam@echoofhiscall.org) PhonePe (98410 71858), Gpay (98410 71858), Western Union, MoneyGram, etc.)** ਆਦਿ ਰਾਹੀ ਤੁਸੀਂ ਹੇਠ ਲਿਖੇ ਪਤੇ ਤੇ ਭੇਜ ਸਕਦੇ ਹੋ।

ਕਿਰਪਾ ਕਰਕੇ ਅੱਪਡੇਟ ਲਈ ਤੁਹਾਡੇ ਫ਼ੋਨ ਨੰ:/ ਮੋਬਾਇਲ ਨੰ: ਅਤੇ ਈਮੇਲ ਪਤੇ ਸਾਨੂੰ ਭੇਜੋ।

Our address :
**ECHO OF HIS CALL**
10, MOHAMMED ABDULLAH 2ND STREET, CHEPAUK, CHENNAI - 600 005, INDIA
PH: (+91-44) 2852 8282, 2852 9293, 2854 7766/ Cell: (+91) 98410 71852, 95661 31858 / E.mails: sam@echoofhiscall.org / biblecor@yahoo.co.in
Websites: www.echoofhiscall.org / www.stpaulsmatriculation.com

**YOU CAN SEND YOUR DONATION ONLINE ALSO**

RNI NO. 2000/1914
Postal Regn. No. TN/CH/(C)/192/21-23
WPP NO. TN/PMG(CCR) / WPP- 263/21-23
Date of Publication: Third week of every month
Date of Posting : 19th & 20th of every month
Posted at "Egmore RMS / 1 Patrika Channel"
on 20th SEPTEMBER, 2023
If un-delivered please return to:
ECHO OF HIS CALL (PUNJABI)
P.O. Box No. 2957,
Chepauk, Chennai - 600 005, INDIA.
Phone: (+ 91- 44) 2852 8282, 2852 9293, 2854 7766

***JESUS LOVES YOU!***

**To**

*GOD BLESS YOU!*

Owned and published by **S. Sam Selva Raj** from New No. 8 & 10, Old No.18 & 19, Mohammed Abdullah 2nd Street, Chepauk, Chennai-600 005 and printed by **S. Sam Selva Raj** at **Echo of His Call Printers**, New No. 8 & 10, Old No.18 & 19, Mohammed Abdullah 2nd Street, Chepauk, Chennai-600 005. Editor: **S. Sam Selva Raj.**